
ਐਤਵਾਰ ਸੈਪਸ਼ਲ

ਐਤਵਾਰ, 01 ਦਸੰਬਰ 2024

ਲੋਕ ਬਾਣੀ



# ਮੰਗ ਕੇ ਲਏ ਕੰਬਲ ਦਾ ਨਿੱਘ



ਜੇਕਰ ਕੰਬਲ ਦੀ ਮਹਾਨਤਾ ਦੀ ਗੱਲ ਕਰੀਏ ਤਾਂ ਪੁਰਾਤਨ ਸਮੇਂ ਤੋਂ ਹੀ ਕੰਬਲ ਦੀ ਮਹਾਨਤਾ ਰਹੀ ਹੈ। ਵਿਆਹਾਂ ਦੀਆਂ ਰਸਮਾਂ 'ਚ ਮਿਲਣੀ ਸਮੇਂ ਦੋ ਪਰਿਵਾਰਾਂ ਦੇ ਮਿਲਣ ਸਮੇਂ ਕੰਬਲ ਅਹਿਮ ਸਥਾਨ ਰੱਖਦਾ ਹੈ।ਕੁੜੀ ਵਾਲਿਆਂ ਵਲੋਂ ਕੰਬਲ ਉੱਤੇ ਪੈਸੇ ਰੱਖਕੇ ਮੁੰਡੇ ਵਾਲੇ ਪਰਿਵਾਰ ਦਾ ਮਾਨ ਵਧਾਇਆ ਜਾਂਦਾ ਹੈ। ਜਿਸ ਨਾਲ ਇੱਕ ਦੂਸਰੇ ਨਾਲ ਨੇੜਤਾ ਅਤੇ ਰਿਸ਼ਤੇ ਦੀ ਸਾਂਝ ਵਧ ਜਾਂਦੀ ਹੈ। ਵਿਆਹਾਂ ਦੀਆਂ ਹੋਰ ਵੀ ਕਈ ਰਸ਼ਮਾਂ 'ਚ ਕੰਬਲ ਨੂੰ ਵਡਿਆਈ ਵਜੋਂ ਦਿੱਤਾ ਜਾਂਦਾ ਹੈ। ਕਈ ਵਾਰੀ ਕੰਬਲ ਨਾ ਮਿਲਣ ਤੇ ਰਿਸ਼ਤਿਆਂ 'ਚ ਨਰਾਜ਼ਗੀ ਦੇਖਣ ਤੇ ਸੁਣਨ ਮਿਲ ਜਾਂਦੀ ਹੈ। ਪੁਰਾਤਨ ਸਮੇਂ ਵਿੱਚ ਮੋਬਾਇਲ ਕਲਚਰ ਨਾ ਹੋਣ ਕਰਕੇ ਜਿਸ ਦਾ ਬਹੁਤ ਦੇਰ ਬਾਅਦ ਪਤਾ ਲੱਗਦਾ ਸੀ । ਕਈ ਵਾਰੀ ਕੰਬਲ ਮੰਗ ਕੇ ਵੀ ਨਰਾਜ਼ਗੀ ਦੂਰ ਕਰ ਲਈ ਜਾਂਦੀ ਸੀ।

ਅਜੋਕੇ ਸਮੇਂ ਅੰਦਰ ਕੰਬਲ ਨੂੰ ਗਿਫਟ ਵਜੋਂ ਵੀ ਦਿੱਤਾ ਜਾਣ ਲੱਗ ਪਿਆ ਹੈ। ਕੰਬਲ ਨਾ ਮਿਲਣ ਤੇ ਰੁਸ਼ਣਾਂ-ਰੁਸ਼ਾਉਂਣਾ ਅੱਜ ਵੀ ਕਾਇਮ ਹੈ। ਅਜੋਕੇ ਸਮੇਂ ਵਿੱਚ ਕੰਬਲ ਨਾ ਮਿਲਣ 'ਤੇ ਝੱਟ ਫੋਨ ਕਰਕੇ ਮੰਗ ਲਿਆ ਜਾਂਦਾ ਹੈ। ਵਡਿਆਈ 'ਚ ਮਿਲਿਆ ਕੰਬਲ ਰਿਸ਼ਤੇਦਾਰਾਂ,ਦੋਸਤਾਂ,ਮਿੱਤਰਾਂ ਵਿੱਚ ਮਾਣ ਵਧਾਉਂਦਾ ਹੈ। ਦੂਸਰੇ ਪਾਸੇ ਜਦੋਂ ਅਸੀਂ ਕੰਬਲ ਮੰਗ ਕੇ ਲੈਂਦੇ ਹਾਂ ਤਾਂ ਸਮਾਜ ਅੰਦਰ ਕੱਦ ਨੀਵਾਂ ਹੋ ਜਾਂਦਾ ਹੈ। ਸਿਆਣਿਆ ਦਾ ਕਹਿਣਾ ਕਿ 'ਮੰਗ ਪਾਏ ਕੱਪੜੇ ਅਤੇ ਗਹਿਣੇ ਇਨਸ਼ਾਨ ਦਾ ਅੱਧਾ ਰੂਪ ਗਵਾ ਦਿੰਦੇ ਹਨ'। ਛੱਡ ਮਨਾਂ ਤੈਨੂੰ ਕੀ,ਆਪਾਂ ਦਾ ਨਿੱਘ ਮਾਨਣਾ। ਨਿੱਘ ਵਡਿਆਈ ਵਿੱਚ ਮਿਲੇ ਕੰਬਲ ਦਾ ਅਤੇ ਮੰਗ ਕੇ ਲਏ ਕੰਬਲ ਦਾ ਇੱਕੋ ਬਰਾਬਰ ਹੁੰਦਾ ਹੈ।



ਕਾਲਾ ਸਿੰਘ ਸੈਣੀ,99882-80386
56,ਸਵਰਾਜ ਨਗਰ,ਖਰੜ,ਮੋਹਾਲੀ।






ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ, 01 ਦਸੰਬਰ 2024

Email:- lokbani08@gmail.com



ਰੋਜ਼ਾਨਾ ਲੋਕ ਬਾਣੀ

ਨੂੰ ਪੱਤਰਕਾਰਾਂ ਦੀ ਲੋੜ

99155-94111



R. N. I. Punpun/29016/2008 * ਸਾਲ 16 , * ਅੰਕ : 168, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181–2211009 * M : 99155-94111



ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 9915594111


## ਕੈਨੇਡਾ ਪੁਲੀਸ ਨੇ ਗੈਂਗਸਟਰ ਅਰਸ਼ ਡੱਲਾ ਨੂੰ ਕੀਤਾ ਰਿਹਾਅ


**ਵਿਨੀਪੈੱਗ, ਲੋਕ ਬਾਣੀ-** ਖਾਲਿਸਤਾਨੀ ਅਤਿਵਾਦੀ ਅਤੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਨੂੰ ਕੈਨੇਡਾ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਉਸ ਨੂੰ 30 ਹਜ਼ਾਰ ਡਾਲਰ ਦਾ ਮੁਚੱਲਕਾ ਭਰਨ ਮਗਰੋਂ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ ਹੈ। ਮਾਮਲੇ ਦੀ ਸੁਣਵਾਈ ਹੁਣ ਅਗਲੇ ਸਾਲ 24 ਫਰਵਰੀ ਨੂੰ ਹੋਵੇਗੀ। ਡੱਲਾ ਨੂੰ ਜ਼ਮਾਨਤ ਅਜਿਹੇ ਮੌਕੇ ਦਿੱਤੀ ਗਈ ਹੈ ਜਦੋਂ ਭਾਰਤ ਵੱਲੋਂ ਉਸ ਦੀ ਸਪੁਰਦਗੀ ਹਾਸਲ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਦਰਅਸਲ ਭਾਰਤ ਸਮੇਂ-ਸਮੇਂ



’ਤੇ ਕੈਨੇਡੀਅਨ ਸਰਕਾਰ ਨੂੰ ਖਾਲਿਸਤਾਨ ਪ੍ਰਤੀ ਆਪਣੇ ਨਰਮ ਰਵੱਈਏ ਬਾਰੇ ਚੇਤਾਵਨੀ ਦਿੰਦਾ ਰਿਹਾ ਹੈ, ਪਰ ਇਸ ਦੇ ਬਾਵਜੂਦ ਉਸ ਦੇ ਵਿਵਹਾਰ ਵਿੱਚ ਕੋਈ ਬਦਲਾਅ ਨਜ਼ਰ ਨਹੀਂ ਆ ਰਿਹਾ।

## ਮੁਸਲਿਮ ਧਿਰ ਦੀ ਸ਼ਿਮਲਾ ਕੋਰਟ ਵੱਲੋਂ ਅਰਜ਼ੀ ਰੱਦ

**ਸ਼ਿਮਲਾ, ਲੋਕ ਬਾਣੀ** --ਸ਼ਿਮਲਾ ਦੀ ਜ਼ਿਲ੍ਹਾ ਕੋਰਟ ਨੇ ਸੰਜੌਲੀ ਮਸਜਿਦ ਦੀਆਂ ‘ਗੈਰਕਾਨੂੰਨੀ’ ਤਰੀਕੇ ਨਾਲ ਉਸਾਰੀਆਂ ਤਿੰਨ ਮੰਜ਼ਿਲਾਂ ਢਾਹੁਣ ਦੇ ਮਿਉਂਸਿਪਲ ਕਮਿਸ਼ਨਰ ਦੀ ਕੋਰਟ ਦੇ 5 ਅਕਤੂਬਰ ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਆਲ ਹਿਮਾਚਲ ਮੁਸਲਿਮ ਆਰਗੇਨਾਈਜ਼ੇਸ਼ਨ (ਏਐੱਚਐੱਮਓ) ਵੱਲੋਂ ਦਾਇਰ ਅਪੀਲ ਰੱਦ ਕਰ ਦਿੱਤੀ ਹੈ। ਏਐੱਚਐੱਮਓ ਵੱਲੋਂ ਪੇਸ਼ ਵਕੀਲ ਵਿਸ਼ਵ ਭੂਸ਼ਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਅਰਜ਼ੀ ਰੱਦ



ਕਰ ਦਿੱਤੀ ਗਈ ਤੇ ਉਨ੍ਹਾਂ ਨੂੰ ਤਫ਼ਸੀਲੀ ਹੁਕਮਾਂ ਦੀ ਉਡੀਕ ਹੈ। ਇਸ ਤੋਂ ਪਹਿਲਾਂ 11 ਸਤੰਬਰ ਨੂੰ ਮਸਜਿਦ ਦਾ ਗੈਰਕਾਨੂੰਨੀ ਹਿੱਸਾ ਢਾਹੁਣ ਦੀ ਮੰਗ ਨੂੰ ਲੈ ਕੇ ਕੀਤੇ ਰੋਸ ਪ੍ਰਦਰਸ਼ਨਾਂ ਨੇ ਹਿੰਸਕ ਰੂਪ ਧਾਰ ਲਿਆ ਸੀ।

## ‘ਪਦਯਾਤਰਾ’ ਦੌਰਾਨ ਸਾਬਕਾ ਮੁੱਖ ਮੰਤਰੀ ਕੇਜਰੀਵਾਲ ’ਤੇ ਤਰਲ ਪਦਾਰਥ ਸੁੱਟਿਆ

**ਨਵੀਂ ਦਿੱਲੀ, ਲੋਕ ਬਾਣੀ-**ਦੱਖਣੀ ਦਿੱਲੀ ਦੇ ਮਾਲਵੀਆ ਨਗਰ ਵਿਚ ਅੱਜ ‘ਪਦਯਾਤਰਾ’ ਦੌਰਾਨ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ’ਤੇ ਕਥਿਤ ਤਰਲ ਪਦਾਰਥ ਸੁੱਟਣ ਦੇ ਦੋਸ਼ ਵਿਚ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਉਧਰ ਇਸ ਘਟਨਾ ਮਗਰੋਂ ਆਮ ਆਦਮੀ ਪਾਰਟੀ ਨੇ ਕਿਹਾ, “ਜੇ ਇਕ ਸਾਬਕਾ ਮੁੱਖ ਮੰਤਰੀ ਕੌਮੀ ਰਾਜਧਾਨੀ ਵਿਚ ਸੁਰੱਖਿਅਤ ਨਹੀਂ ਹੈ ਤਾਂ ਫਿਰ ਇਕ ਆਮ ਆਦਮੀ ਕਿੱਥੇ ਜਾਏਗਾ?” ਜਾਣਕਾਰੀ ਅਨੁਸਾਰ



ਕੇਜਰੀਵਾਲ ਆਪਣੀ ਪਦਯਾਤਰਾ ਦੌਰਾਨ ਕੁਝ ਲੋਕਾਂ ਨਾਲ ਦੁਆ ਸਲਾਮ ਕਰ ਰਹੇ ਸਨ ਜਦੋਂ ਇਕ ਵਿਅਕਤੀ ਉਨ੍ਹਾਂ ਵੱਲ ਵਧਿਆ ਤੇ ਉਸ ਨੇ ਕੇਜਰੀਵਾਲ ’ਤੇ ਤਰਲ ਪਦਾਰਥ ਸੁੱਟਿਆ।

## PGI ਵੱਲੋਂ ਵਿਰਲੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਦੇ ਇਲਾਜ ਲਈ ਮਦਦ ਦੀ ਅਪੀਲ

**ਚੰਡੀਗੜ੍ਹ, ਲੋਕ ਬਾਣੀ-**ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਵਿਰਲੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਦੇ ਇਲਾਜ ਵਾਸਤੇ ਦਾਨੀ ਸੱਜਣਾਂ ਨੂੰ ਦਾਨ ਭੇਜਣ (ਕ੍ਰਾਊਡ ਫੰਡਿੰਗ) ਲਈ ਇੱਕ ਵੈਬ ਪੋਰਟਲ ਲਾਂਚ ਕੀਤਾ ਗਿਆ ਹੈ। ਪੀਜੀਆਈ ਚੰਡੀਗੜ੍ਹ ਦੇ ਬੁਲਾਰੇ ਨੇ ਦੱਸਿਆ ਕਿ ਅਦਾਰਾ ਕੇਂਦਰੀ ਨੀਤੀ ਤਹਿਤ ਮਰੀਜ਼ਾਂ ਦੇ ਇਲਾਜ ਵਿੱਚ ਮੱਦਦ ਕਰਨ ਲਈ ਸੈਂਟਰ ਆਫ਼



ਐਕਸੀਲੈਂਸ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਹੈ। ਪੀਜੀਆਈ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਹਰੇਕ ਆਮ ਵਿਅਕਤੀ ਅਤੇ ਕਾਰਪੋਰੇਟ ਦਾਨੀ ਸੱਜਣਾਂ ਨੂੰ ਇਸ ਪੋਰਟਲ ਰਾਹੀਂ ਦਾਨ ਭੇਜਣ ਦੀ ਅਪੀਲ ਕੀਤੀ ਹੈ।

## ਪੱਛਮੀ ਬੰਗਾਲ : ਬੱਸ ਦੇ ਹਾਦਸਾਗ੍ਰਸਤ ਹੋਣ ਕਾਰਨ 4 ਮੌਤਾਂ

**ਕਲੀਮਪੋਂਗ ਲੋਕ ਬਾਣੀ** , - ਪੱਛਮੀ ਬੰਗਾਲ ਦੇ ਕਲੀਮਪੋਂਗ ਜ਼ਿਲੇ ਚ ਇਕ ਬੱਸ ਦੇ ਹਾਦਸੇ ਦਾ ਸ਼ਿਕਾਰ ਹੋਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਮੁਤਾਬਕ ਇਹ ਹਾਦਸਾ ਅੱਜ ਦੁਪਹਿਰ ਅੰਧੇਰੀ ਨੇੜੇ ਵਾਪਰਿਆ।ਬੱਸ ਸਿਲੀਗੁੜੀ ਤੋਂ ਗੰਗਟੋਕ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਚ ਕੁਝ ਹੋਰ ਲੋਕ ਜ਼ਖਮੀ




ਵੀ ਹੋਏ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਚ ਭਰਤੀ ਕਰਵਾਇਆ ਗਿਆ ਹੈ।

## ਕਿਸਾਨ ਆਗੂ ਹਰਦੋਝੰਡੇ ਵੱਲੋਂ ਮਰਨ ਵਰਤ ਮੁਲਤਵੀ

ਪਾਤੜਾਂ, ਲੋਕ ਬਾਣੀ-Farmer leader Surjit Singh Hardo Jhanda quits his hunger strike ਕੇਂਦਰ ਵੱਲੋਂ ਮੰਨੀਆਂ ਮੰਗਾਂ ਅਤੇ ਹੋਰ ਵਾਅਦਿਆਂ ਨੂੰ ਲਾਗੂ ਕਰਵਾਉਣ ਲਈ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਥਾਂ ਮਰਨ ਵਰਤ ਉੱਤੇ ਬੈਠੇ ਸੁਖਜੀਤ ਸਿੰਘ ਹਰਦੋਝੰਡੇ ਨੇ ਅੱਜ ਡੱਲੇਵਾਲ ਹੱਥੋਂ ਜੂਸ ਪੀਣ ਉਪਰੰਤ ਮਰਨ ਵਰਤ ਮੁਲਤਵੀ ਕਰ ਦਿੱਤਾ ਹੈ। ਯਾਦ ਰਹੇ ਕਿ ਮਰਨ



ਵਰਤ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਪੁਲੀਸ ਵੱਲੋਂ ਡੱਲੇਵਾਲ ਨੂੰ ਗ੍ਰਿਫਤਾਰ ਕੀਤੇ ਜਾਣ ਕਰਕੇ ਸੁਖਜੀਤ ਸਿੰਘ ਹਰਦੋਝੰਡੇ ਨੂੰ ਮਰਨ ਵਰਤ ’ਤੇ ਬੈਠਣਾ ਪਿਆ ਸੀ।

## ਜੰਮੂ-ਕਸ਼ਮੀਰ : ਚਨਾਬ ਨਦੀ ਚ ਕਾਰ ਡਿੱਗਣ ਕਾਰਨ 3 ਮੌਤਾਂ

**ਡੋਡਾ (ਜੰਮੂ-ਕਸ਼ਮੀਰ), ਲੋਕ ਬਾਣੀ** - ਜੰਮੂ ਕਸ਼ਮੀਰ ਦੇ ਡੋਡਾ ਵਿਚ ਚਨਾਬ ਨਦੀ ਵਿਚ ਕਾਰ ਡਿੱਗਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਜੰਮੂ-ਕਸ਼ਮੀਰ, ਟ੍ਰੈਫਿਕ ਦੇ ਡੀ.ਵਾਈ.ਐਸ.ਪੀ., ਮੁਖਤਿਆਰ ਦੇਵ ਸਿੰਘ ਨੇ ਦੱਸਿਆ, ਇਹ ਹਾਦਸਾ ਸਵੇਰੇ 8:30 ਵਜੇ, ਪ੍ਰੇਮ ਨਗਰ ਅਤੇ ਠਠਰੀ ਦੇ ਵਿਚਕਾਰ




ਵਾਪਰਿਆ।

## ਮਲੇਰਕੋਟਲਾ : ਕੁਰਾਨ ਦੀ ਬੇਅਦਬੀ ਮਾਮਲੇ ਦਿੱਲੀ ਤੋਂ ਆਪ ਵਿਧਾਇਕ ਨਰੇਸ਼ ਯਾਦਵ ਨੂੰ 2 ਸਾਲ ਦੀ ਸਜ਼ਾ

**ਮਲੇਰਕੋਟਲਾ, ਲੋਕ ਬਾਣੀ** - ਆਮ ਆਦਮੀ ਪਾਰਟੀ ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਯਾਦਵ ਨੂੰ ਅੱਜ ਦੇਰ ਸ਼ਾਮ ਮਲੇਰਕੋਟਲਾ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਨਾਬ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ 24 ਜੂਨ 2016 ਨੂੰ ਜਰਗ ਚੌਂਕ ਮਲੇਰਕੋਟਲਾ ਦੇ ਨਜ਼ਦੀਕ ਪਵਿੱਤਰ ਕੁਰਾਨ ਦੀ ਬੇਅਦਬੀ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਵੱਖ ਵੱਖ ਧਾਰਾਵਾਂ ਅਧੀਨ ਜੁਰਮਾਨੇ ਸਮੇਤ ਦੋ




ਸਾਲ ਦੀ ਸਜ਼ਾ ਸੁਣਾਈ ਹੈ।


B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |



91000-79-579 | 98141-92-632
Shop No 5,Adda Kapur Pind,Opp IndusInd Bank,Jalandhar.

ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ

ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ

easyvisa | 81980 95553

# ਪੰਜਾਬ 'ਚ ਜਾਅਲੀ ਸਰਟੀਫਿਕੇਟ ਪੇਸ਼ ਕਰਕੇ ਕੀਤਾ ਵੱਡਾ ਘੁਟਾਲਾ, FIR ਦਰਜ

ਚੰਡੀਗੜ੍ਹ- (ਲੋਕ ਬਾਣੀ) ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਸੰਗਰੂਰ ਜ਼ਿਲ੍ਹੇ ਦੇ ਕਸਬਾ ਭਵਾਨੀਗੜ੍ਹ ਸਥਿਤ ਸਿੰਗਲਾ ਫੂਡ ਪ੍ਰੋਡਕਟਸ ਨਾਮੀ ਚੌਲ ਮਿੱਲ ਦੇ ਚਾਰ ਭਾਈਵਾਲਾਂ ਵਿਰੁੱਧ ਝੋਨੇ ਦੀਆਂ 14 ਬੋਗੀਆਂ ਖੁਰਦ-ਬੁਰਦ ਕਰਨ ਅਤੇ ਸਰਕਾਰ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਅਪਰਾਧਿਕ ਮਾਮਲਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਚੌਲ ਮਿੱਲ ਵਿਰੁੱਧ ਇਹ ਜਾਂਚ ਉਸ ਵੇਲੇ ਪਨਸਪ ਦੇ ਪ੍ਰਬੰਧਕੀ ਡਾਇਰੈਕਟਰ ਵੱਲੋਂ ਪ੍ਰਾਪਤ ਪੱਤਰ ਦੇ ਅਧਾਰ 'ਤੇ ਕੀਤੀ ਗਈ ਹੈ। ਉਕਤ ਚੌਲ ਮਿੱਲਰ ਨੇ ਸਾਲ 2011-2012 ਦੌਰਾਨ ਝੋਨੇ ਅਤੇ ਚੌਲਾਂ ਦੇ ਭੰਡਾਰਨ ਲਈ ਸੂਬੇ ਦੀ ਖਰੀਦ ਅਥਾਰਟੀ ਪਨਸਪ ਨਾਲ ਸਮਝੌਤਾ ਸਹੀਬੱਧ ਕੀਤਾ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਤਤਕਾਲੀ ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲੇ (ਡੀ.ਐਫ.ਐਸ.ਸੀ.) ਵਿਭਾਗ, ਸੰਗਰੂਰ ਨੇ ਉਕਤ ਚੌਲ ਮਿੱਲ ਖ਼ਿਲਾਫ਼ ਝੋਨੇ ਦੀ ਘਪਲੇਬਾਜ਼ੀ ਸਬੰਧੀ ਜਾਂਚ ਕਰਨ ਲਈ ਤਤਕਾਲੀ ਜ਼ਿਲ੍ਹਾ ਮੈਨੇਜਰ ਪਨਸਪ, ਸੰਗਰੂਰ ਨੂੰ ਸ਼ਿਕਾਇਤ ਪੱਤਰ ਭੇਜਿਆ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧੀ ਉਸ ਵੇਲੇ ਤਾਇਨਾਤ ਡਿਪਟੀ ਮੈਨੇਜਰ (ਸਟੋਰੇਜ) ਪਨਸਪ ਜਸਪਾਲ ਸ਼ਰਮਾ ਅਤੇ ਡੀ.ਐਫ.ਐਸ.ਸੀ. ਅੰਜੁਮਨ ਭਾਸਕਰ ਵੱਲੋਂ ਸਾਂਝੇ ਤੌਰ 'ਤੇ ਸਿੰਗਲਾ ਫੂਡ ਪ੍ਰੋਡਕਟਸ ਅਤੇ ਸਿੰਗਲਾ ਐਗਰੋ ਮਿੱਲ, ਭਵਾਨੀਗੜ੍ਹ ਦੀ ਕੀਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸਿੰਗਲਾ ਫੂਡ ਪ੍ਰੋਡਕਟਸ ਵਿੱਚ ਝੋਨੇ ਦੀਆਂ 14 ਬੋਗੀਆਂ ਘੱਟ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਚੌਲ ਮਿੱਲ ਮਾਲਕ ਨੇ ਚੌਲਾਂ ਦੀਆਂ ਬੋਰੀਆਂ ਦੇ ਗਾਇਬ ਹੋਣ ਦਾ ਨਾਜਾਇਜ਼ ਫਾਇਦਾ ਚੁੱਕਣ ਲਈ ਨਾਭਾ ਦੇ ਇੱਕ ਗੋਦਾਮ ਵਿੱਚ ਉਸ ਸਮੇਂ ਤਾਇਨਾਤ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦੇ ਸਬੰਧਤ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਜਾਅਲੀ ਸਰਟੀਫਿਕੇਟ ਜਾਂਚ ਟੀਮ ਅੱਗੇ ਪੇਸ਼ ਕੀਤਾ ਸੀ। ਇਸ ਸਰਟੀਫਿਕੇਟ ਦੇ ਸਬੰਧ ਵਿੱਚ ਉਨ੍ਹਾਂ ਦੋਵੇਂ ਐਫ.ਸੀ.ਆਈ. ਅਧਿਕਾਰੀਆਂ ਨੇ ਜਵਾਬ ਦਿੱਤਾ ਸੀ ਕਿ ਸਰਟੀਫਿਕੇਟ 'ਤੇ ਉਨ੍ਹਾਂ ਦੇ ਦਸਤਖਤ ਜਾਅਲੀ ਹਨ।

ਇਸ ਜਾਂਚ ਰਿਪੋਰਟ ਦੇ ਆਧਾਰ 'ਤੇ ਸਿੰਗਲਾ ਫੂਡ ਪ੍ਰੋਡਕਟਸ, ਭਵਾਨੀਗੜ੍ਹ ਦੇ ਚਾਰ ਭਾਈਵਾਲਾਂ ਪਵਨ ਕੁਮਾਰ ਅਤੇ ਤਿੰਨ ਮਹਿਲਾ ਭਾਈਵਾਲਾਂ ਲੀਲਾਵਤੀ, ਮੰਜੂ ਸਿੰਗਲਾ ਅਤੇ ਸਮੀਰਾ ਸਿੰਗਲਾ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 406, 420, 465, 467, 468, 471, 120-ਬੀ ਤਹਿਤ ਥਾਣਾ ਆਰਥਿਕ ਅਪਰਾਧ ਵਿੰਗ, ਲੁਧਿਆਣਾ ਰੇਂਜ ਵਿਖੇ ਅਪਰਾਧਿਕ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪੁਲਿਸ ਥਾਣੇ ਦੇ ਬਾਹਰ ਜਬਰਦਸਤ ਧਮਾਕਾ, ਇਲਾਕੇ 'ਚ ਫੈਲੀ ਸਨਸਨੀ



ਅੰਮ੍ਰਿਤਸਰ (ਲੋਕ ਬਾਣੀ)-ਪੰਜਾਬ ਦੇ ਅਜਨਾਲਾ ਥਾਣੇ ਦੇ ਨੇੜਿਓਂ ਮਿਲੀ ਧਮਾਕਾਖੇਜ ਸਮਗਰੀ ਦਾ ਤਾਂ ਹਾਲੇ ਮਾਮਲਾ ਠੰਡਾ ਨਹੀਂ ਸੀ ਪਿਆ ਕਿ, ਅੰਮ੍ਰਿਤਸਰ ਦੇ ਗੁਰਬਖਸ਼ ਨਗਰ ਥਾਣੇ ਦੇ ਬਾਹਰ ਧਮਾਕੇ ਦੀ ਜੋਰਦਾਰ ਆਵਾਜ਼ ਸੁਣਾਈ ਦਿੱਤੀ। ਜਿਸ ਦੇ ਕਾਰਨ ਇਲਾਕੇ ਵਿੱਚ ਸਨਸਨੀ ਫੈਲ ਗਈ।

ਜਾਣਕਾਰ ਦਸਦੇ ਹਨ ਕਿ, ਇਹ ਧਮਾਕਾ ਸ਼ੁਕਰਵਾਰ ਤੜਕ ਸਵੇਰੇ ਹੋਇਆ। ਧਮਾਕਾ ਕਿਵੇਂ ਹੋਇਆ ? ਇਸ ਬਾਰੇ ਪੁਲਿਸ ਨੇ ਹਾਲੇ ਤੱਕ ਕੋਈ ਵੀ ਜਾਣਕਾਰੀ ਨਹੀਂ ਦਿੱਤੀ।

ਦੂਜੇ ਪਾਸੇ ਘਟਨਾ ਦੀ ਸੂਚਨਾ ਮਿਲਦੇ ਹੀ ਏਡੀਸੀਪੀ ਵਿਸ਼ਾਲਜੀਤ ਮੌਕੇ ਤੇ ਪਹੁੰਚੇ, ਜਿਨ੍ਹਾਂ ਨੇ ਦੱਸਿਆ ਕਿ ਧਮਾਕੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਧਮਾਕਾ ਕਿਵੇਂ ਹੋਇਆ ਇਸ ਬਾਰੇ ਹਾਲੇ ਕੁਝ ਵੀ ਕਹਿਣਾ ਠੀਕ ਨਹੀਂ ਹੈ।

ਉਹਨਾਂ ਕਿਹਾ ਕਿ ਜਾਂਚ ਪੜਤਾਲ ਤੋਂ ਬਾਅਦ ਹੀ ਅਸੀਂ ਕੁਝ ਦੱਸ ਸਕਾਂਗੇ ਕਿ ਇਹ ਧਮਾਕਾ ਕਿਵੇਂ ਹੋਇਆ ਅਤੇ ਇਸ ਦੇ ਪਿੱਛੇ ਕੌਣ ਹੈ ?

# ਅੰਮ੍ਰਿਤਸਰ ਦੇ ਇੱਕੋ ਪਿੰਡ ਦੇ ਦੋ ਨੌਜਵਾਨਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ, ਪਿੰਡ ਚ ਸੋਗ ਦੀ ਲਹਿਰ

ਅੰਮ੍ਰਿਤਸਰ (ਲੋਕ ਬਾਣੀ)- ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੀ ਪੁਲਿਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਕੋਹਾਲੀ ਵਿਖੇ ਨਸ਼ੇ ਦੀ ਓਵਰਡੋਜ਼ ਕਾਰਨ ਦੋ ਹੋਰ ਨੌਜਵਾਨਾਂ ਦੀ ਮੌਤ ਹੋ ਜਾਣ ਕਾਰਨ ਪਿੰਡ ਚ ਸੋਗ ਦੀ ਲਹਿਰ ਦੌੜ ਰਹੀ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਬਾਰ੍ਹਾਵੀਂ ਪਾਸ ਸਰਬਜੀਤ ਸਿੰਘ ਉਰਫ਼ ਸਾਬੀ (52) ਪੁੱਤਰ ਸਾਬਕਾ ਇੰਸਪੈਕਟਰ ਪੰਜਾਬ ਰੋਡਵੇਜ਼ ਮਰਹੂਮ ਹਰਭਜਨ ਸਿੰਘ ਜੋ ਕਿ ਜ਼ਿਮੀਂਦਾਰ ਪਰਿਵਾਰ ਨਾਲ ਸੰਬੰਧਿਤ ਸੀ, ਪਿਛਲੇ ਲੰਬੇ ਸਮੇਂ ਤੋਂ ਬੁਰੀ ਸੰਗਤ ਵਿਚ ਪੈਣ ਗਿਆ ਸੀ, ਜਿਸ ਕਰਕੇ ਨਸ਼ਿਆਂ ਦਾ ਆਦੀ ਹੋ ਗਿਆ ਅਤੇ ਕੁਝ ਸਮੇਂ ਤੋਂ ਉਹ ਦੂਸਰੇ ਵੱਡੇ ਭਰਾ ਤੋਂ ਵੱਖਰਾ ਰਹਿੰਦਾ ਸੀ। ਅੱਜ ਸਵੇਰੇ ਜਦੋਂ ਉਸਦੀ ਸਿਹਤ ਵਿਗੜੀ ਹੈ,ਤਾਂ ਪਰਿਵਾਰਕ ਮੈਂਬਰਾਂ ਨੇ ਉਸਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।



ਇਸੇ ਪਿੰਡ ਦਾ ਦੂਸਰਾ ਨੌਜਵਾਨ ਮਜ਼ਦੂਰ ਪਰਿਵਾਰ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ, ਜਿਸ ਦੀ ਪਛਾਣ ਸ਼ਮਸ਼ੇਰ ਸਿੰਘ ਪੁੱਤਰ ਗੁਰਮੀਤ ਸਿੰਘ ਵਜੋਂ ਹੋਈ ਹੈ, ਜੋ ਕਿ ਇਕ ਭੈਣ ਦਾ ਇਕਲੌਤਾ ਭਰਾ ਸੀ ਅਤੇ ਮਿਹਨਤ ਮਜ਼ਦੂਰੀ ਕਰਦਾ ਸੀ। ਪਰਿਵਾਰ ਅਨੁਸਾਰ ਉਹ ਪਿਛਲੇ ਕਾਫ਼ੀ ਸਮਾਂ ਪਹਿਲਾਂ ਹੀ ਨਸ਼ਿਆਂ ਦਾ ਆਦੀ ਸੀ। ਕੱਲ੍ਹ ਨੂੰ ਉਹ ਆਪਣੀ ਭੂਆ ਕੋਲ ਪਿੰਡ ਭੁੱਲਰ ਵਿਖੇ ਗਿਆ ਹੋਇਆ ਸੀ, ਜਿਥੇ ਨਸ਼ੇ ਦਾ ਟੀਕਾ ਲਗਾਉਣ ਕਰਕੇ ਉਸ ਦੀ ਸਿਹਤ ਵਿਗੜ ਗਈ ਅਤੇ ਕੁਝ ਸਮੇਂ ਬਾਅਦ ਹੀ ਹਸਪਤਾਲ ਵਿਚ ਜਾ ਕੇ ਉਸ ਦੀ ਮੌਤ ਹੋ ਗਈ। ਇਕੋ ਦਿਨ ਹੋਈਆਂ ਦੋ ਮੌਤਾਂ ਕਾਰਨ ਪਿੰਡ ਵਿਚ ਜਿਥੇ ਸੋਗ ਦੀ ਲਹਿਰ ਹੈ।

# ਕਲੱਬਾਂ 'ਤੇ ਸੁੱਟੇ ਬੰਬ, ਲੋਕਾਂ 'ਚ ਦਹਿਸ਼ਤ ਦਾ ਮਾਹੌਲ



ਚੰਡੀਗੜ੍ਹ (ਲੋਕ ਬਾਣੀ)-ਚੰਡੀਗੜ੍ਹ ਦੇ ਸੈਕਟਰ 26 ਵਿੱਚ ਸਥਿਤ ਗਾਇਕ ਬਾਦਸ਼ਾਹ ਦੇ ਕਲੱਬ ਸਮੇਤ ਦੋ ਕਲੱਬਾਂ ਤੇ ਬੰਬ ਸੁੱਟੇ ਜਾਣ ਦੀ ਖ਼ਬਰ ਹੈ।

ਜਾਣਕਾਰੀ ਮੁਤਾਬਿਕ, ਇਨ੍ਹਾਂ ਧਮਾਕਿਆਂ ਦੇ ਕਾਰਨ ਕਲੱਬਾਂ ਦੇ ਸ਼ੀਸ਼ੇ ਟੁੱਟ ਗਏ।

ਹਾਲਾਂਕਿ ਪੁਲਿਸ ਦੀਆਂ ਟੀਮਾਂ ਨੂੰ ਜਿਵੇਂ ਹੀ ਘਟਨਾ ਦੀ ਸੂਚਨਾ ਮਿਲੀ, ਉਹ ਤੁਰੰਤ ਮੌਕੇ ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਵੀਂ ਗੀਤ

ਆਓ ਮੇਰੇ ਸਾਥੀਓ
ਇੱਕ ਨਵੀਂ ਗੀਤ ਚਲਾਈਏ
ਹਰ ਇੱਕ ਨਵੀਂ ਜ਼ਿੰਦਗੀ ਦੇ
ਜਨਮ ਤੇ ਇੱਕ ਬੂਟਾ ਲਾਈਏ
ਉਹ ਰੁੱਖ ਜੋ ਪ੍ਰਤੀਕ ਹੋਵੇ
ਸਾਹਾਂ ਦਾ
ਉਹ ਰੁੱਖ ਜੋ ਦੁਆਵਾਂ ਨਾਲ ਪਾਲਿਆ ਜਾਵੇ ਮਾਂ ਲਵੇ
ਬਲਾਵਾਂ ਉਸ ਦੀਆਂ
ਬੱਚਿਆਂ ਵਾਂਗ ਸੰਭਾਲਿਆ ਜਾਵੇ
ਫਿਰ ਡਰ ਮੁੱਕ ਜਾਊ ਇਸ ਡਾਕਟਰਾਂ ਵਾਲੀ ਜ਼ਿੰਦਗੀ ਦਾ
ਹਰ ਮੋੜ ਤੇ ਨੀਮ , ਬੋਹੜ ਦੀ ਛਾਂ ਆਵੇ ਮੁਸਕੁਰਾਂਦਾ
ਹੋਇਆ ਹਰ ਰਾਹ ਬੋਲੇ ਏ ਮੈਂ ਹਾਂ ,ਏ ਮੈਂ ਹਾਂ
ਆਓ ਧਰਤੀ ਨੂੰ ਸਵਰਗ ਬਣਾਈਏ ਹਰ ਜਨਮ ਦੇ ਨਾਲ
ਇਕ ਬੂਟਾ ਲਾਈਏ ਆਓ ਇੱਕ ਨਵੀਂ ਗੀਤ ਬਣਾਈਏ



ਪ੍ਰੋਫੈਸਰ: ਸੁਸ਼ਮਾ ਅੱਤਰੀ
ਐਸ ਐਸ ਐਮ ਕਾਲਜ
ਦੀਨਾਨਗਰ ।

# ਸਾਂਸਦ ਔਜਲਾ ਨੇ 9 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਉਦਘਾਟਨ ਕੀਤਾ



ਅੰਮ੍ਰਿਤਸਰ (ਲੋਕ ਬਾਣੀ) ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੱਜ ਹਲਕਾ ਮਜੀਠਾ ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ 9 ਕਰੋੜ 2 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਕਰੀਬ 9 ਕਿਲੋਮੀਟਰ ਸੜਕ ਦਾ ਉਦਘਾਟਨ ਕੀਤਾ। ਇਹ ਸੜਕ ਤਲਵੰਡੀ ਤੋਂ ਹਮਜ਼ਾ ਰੋਡ ਤੋਂ ਮਜੀਠਾ ਵਾਇਆ ਬੇਗੇਵਾਲ ਤੱਕ ਬਣਾਈ ਜਾ ਰਹੀ ਹੈ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਜਦੋਂ ਵੀ ਇਸ ਇਲਾਕੇ ਵਿੱਚ ਆਉਂਦੇ ਸਨ ਤਾਂ ਉਨ੍ਹਾਂ ਵੱਲੋਂ ਇਸ ਸੜਕ ਨੂੰ ਬਣਾਉਣ ਦੀ ਹਮੇਸ਼ਾ ਮੰਗ ਕੀਤੀ ਜਾਂਦੀ ਸੀ, ਜਿਸ ਨੂੰ ਉਨ੍ਹਾਂ ਨੇ ਪੂਰਾ ਕਰ ਦਿੱਤਾ, ਅੱਜ ਇਸ ਸੜਕ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਨਵੰਬਰ ਮਹੀਨੇ ਵਿੱਚ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਕਹਿੰਦੇ ਰਹੇ ਹਨ ਕਿ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਕੰਮ ਉਨ੍ਹਾਂ ਦੀ ਜ਼ਿੰਮੇਵਾਰੀ ਹੈ, ਇਸ ਲਈ ਉਹ ਹਮੇਸ਼ਾ ਹਾਜ਼ਰ ਹਨ ਅਤੇ ਜੋ ਕੰਮ ਰਾਜ ਸਰਕਾਰ ਦੇ ਅਧੀਨ ਆਉਂਦੇ ਹਨ, ਉਨ੍ਹਾਂ ਨੂੰ ਰਾਜ ਸਰਕਾਰ ਤੱਕ ਪਹੁੰਚਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਸੜਕ ਦੀ ਨਿਗਰਾਨੀ ਮੰਡੀ ਬੋਰਡ ਵੱਲੋਂ ਕੀਤੀ ਜਾਵੇਗੀ ਅਤੇ ਉਨ੍ਹਾਂ ਨੇ ਠੇਕੇਦਾਰ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਸੜਕ ਵਧੀਆ ਕੁਆਲਿਟੀ ਦੀ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਇੱਕ ਰੁਪਏ ਦਾ ਵੀ ਭ੍ਰਿਸ਼ਟਾਚਾਰ ਨਹੀਂ ਹੋਣਾ ਚਾਹੀਦਾ। ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਉਹ ਖੁਦ ਇਸ ਦੀ ਸਮੇਂ-ਸਮੇਂ ਤੇ ਜਾਂਚ ਕਰਵਾਉਣਗੇ ਕਿਉਂਕਿ ਇਹ ਜਨਤਾ ਦਾ ਪੈਸਾ ਹੈ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਰੇ ਸੀਨੀਅਰ ਆਗੂ ਉਨ੍ਹਾਂ ਦੇ ਨਾਲ ਮੌਜੂਦ ਹਨ ਅਤੇ ਇਸ ਸੜਕ ਨੂੰ ਬਣਾਉਣ ਬਾਰੇ ਹਮੇਸ਼ਾ ਚਰਚਾ ਹੁੰਦੀ ਰਹੀ ਹੈ।ਇਸ ਦੌਰਾਨ ਉਥੋਂ ਦੇ ਲੋਕਾਂ ਵੱਲੋਂ ਮੰਗ ਕੀਤੀ ਗਈ ਕਿ ਹਲਕਾ ਮਜੀਠਾ ਦੀਆਂ ਲਗਭਗ ਸਾਰੀਆਂ ਸੜਕਾਂ ਛੋਟੀਆਂ ਹਨ, ਜਿਸ ਦਾ ਜਵਾਬ ਦਿੰਦਿਆਂ ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਕੋਈ ਮੰਗ ਆਉਂਦੀ ਹੈ ਤਾਂ ਉਹ ਇਸ ਤੇ ਕੰਮ ਕਰਵਾਉਂਦੇ ਹਨ। ਅਤੇ ਕਈ ਵਾਰ ਇਲਾਕਾ ਵੱਡਾ ਹੋਣ ਕਾਰਨ ਮੰਗਾਂ ਨਹੀਂ ਆਉਂਦੀਆਂ ਜਿਸ ਕਾਰਨ ਪੈਂਡਿੰਗ ਕੰਮ ਦੀ ਜਾਣਕਾਰੀ ਨਹੀਂ ਮਿਲਦੀ। ਇਸ ਲਈ ਉਹ ਇਸ ਮੰਗ ਨੂੰ ਲੈ ਕੇ ਹਲਕਾ ਵਿਧਾਇਕ ਨੂੰ ਬੇਨਤੀ ਕਰਦੇ ਹਨ ਕਿ ਉਹ ਇਸ ਮੰਗ ਨੂੰ ਪ੍ਰਵਾਨ ਕਰਕੇ ਉਨ੍ਹਾਂ ਨੂੰ ਭੇਜ ਦੇਣ ਅਤੇ ਪ੍ਰਧਾਨ ਮੰਤਰੀ ਸੜਕ ਗ੍ਰਾਮ ਯੋਜਨਾ ਤਹਿਤ ਇਸ ਦਾ ਨਿਰਮਾਣ ਕਰਵਾ ਦੇਣਗੇ। ਉਨ੍ਹਾਂ ਕਿਹਾ ਕਿ ਉਹ ਸਾਰੇ ਆਗੂਆਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਆਪਣੇ ਇਲਾਕੇ ਦੇ ਸਾਰੇ ਪੈਂਡਿੰਗ ਕੰਮਾਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਉਣ ਅਤੇ ਇਸ ਤੋਂ ਬਾਅਦ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੇਂਦਰ ਸਰਕਾਰ ਤੋਂ ਕੰਮ ਮੁਕੰਮਲ ਕਰਵਾ ਕੇ ਇਸ ਲਈ ਫੰਡ ਲਿਆਉਣ।

ਇਸ ਮੌਕੇ ਸਾਬਕਾ ਦਿਹਾਤੀ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ, ਪਰਮਦੀਪ ਸਿੰਘ ਪੰਮਾ ਪ੍ਰਧਾਨ ਮਜੀਠਾ, ਜਗਦੀਪ ਸਿੰਘ ਗੋਗਾ ਮਜੀਠਾ, ਸਰਪੰਚ ਰਣਦੀਪ ਸਿੰਘ ਮਾੜੀ, ਸਰਪੰਚ ਸਵਰਨ ਸਿੰਘ ਕਾਲਾ ਰਾਮ ਦਿਵਾਲੀ ਹਿੰਦੂ, ਇਕਬਾਲ ਸਿੰਘ ਬਾਠ ਭੀਲੋਵਾਲ, ਸਰਪੰਚ ਨਿਸ਼ਾਨ ਸਿੰਘ, ਸਰਪੰਚ ਲਖਵਿੰਦਰ ਸਿੰਘ ਬੇਗੇਵਾਲ, ਸ. ਮੈਂਬਰ ਗੁਰਜੀਤ ਸਿੰਘ ਬਿੱਲਾ ਨਾਗ ਕਲਾਂ, ਸਬਕਾ ਸਰਪੰਚ ਸਰਦੂਲ ਪਾਲ ਕੁਲੀਆਂ, ਬਲਾਕ ਪ੍ਰਧਾਨ ਸ ਨਵਤੇਜ ਸਿੰਘ ਸੋਹੀਆ, ਨਵਦੀਪ ਸਿੰਘ ਸੋਹਨਾ ਕਾਂਗਰਸ ਸ਼ਹਿਰੀ ਪ੍ਰਧਾਨ ਮਜੀਠਾ ਆਦਿ ਹਾਜ਼ਰ ਸਨ।

# ਨਹਿਰੂ ਯੁਵਾ ਕੇਂਦਰ ਮਾਨਸਾ ਅਤੇ ਮਾਈ ਭਾਗੋ ਡਿਗਰੀ ਅਤੇ ਐਜੂਕੇਸ਼ਨ ਕਾਲਜ ਰੱਲਾ (ਮਾਨਸਾ) ਵੱਲੋਂ ਜਿਲਾ ਪੱਧਰੀ ਯੁਵਾ ਉਤਸਵ ਦਾ ਆਯੋਜਨ

ਮਾਨਸਾ (ਲੋਕ ਬਾਣੀ) ਨਹਿਰੂ ਯੁਵਾ ਕੇਂਦਰ ਮਾਨਸਾ ਵੱਲੋਂ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਦਾ ਆਯੋਜਨ ਮਾਈ ਭਾਗੋ ਡਿਗਰੀ ਅਤੇ ਐਜੂਕੇਸ਼ਨ ਕਾਲਜ ਰੱਲਾ (ਮਾਨਸਾ) ਵਿਖੇ ਕੀਤਾ ਗਿਆ।

ਇਸ ਮੌਕੇ ਨਹਿਰੂ ਯੁਵਾ ਕੇਂਦਰ ਮਾਨਸਾ ਦੇ ਜ਼ਿਲ੍ਹਾ ਯੂਥ ਅਫਸਰ ਸ. ਸਰਬਜੀਤ ਸਿੰਘ ਪਹੁੰਚੇ ਤੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਬਾਰੇ ਜਾਣਕਾਰੀ ਦਿਤੀ।ਉਹਨਾਂ ਕਿਹਾ ਕਿ ਇਸ ਯੁਵਾ ਉਤਸਵ ਵਿਚ ਨੌਜਵਾਨਾਂ ਦੀ ਪ੍ਰਤਿਭਾ ਨੂੰ ਉਭਾਰਨ ਲਈ ਭਾਰਤ ਸਰਕਾਰ ਵੱਲੋਂ 7 ਯੁਵਾ ਕੇਂਦਰਿਤ ਮੁਕਾਬਲੇ ਕਰਵਾਏ ਜਾਂਦੇ ਹਨ,ਜਿਨ੍ਹਾਂ ਵਿਚ ਮੋਬਾਈਲ, ਫੋਟੋਗ੍ਰਾਫੀ ਮੁਕਾਬਲੇ, ਪੇਟਿੰਗ ਮੁਕਾਬਲੇ, ਕਵਿਤਾ ਲੇਖਣ ਮੁਕਾਬਲਾ, ਸਇੰਸ ਮੇਲਾ(ਸਿੰਗਲ), ਸਇੰਸ ਮੇਲਾ (ਗਰੁੱਪ) , ਭਾਸ਼ਣ ਮੁਕਾਬਲੇ ਅਤੇ ਸਭਿਆਚਾਰਕ ਮੁਕਾਬਲੇ ਸ਼ਾਮਿਲ ਹਨ। ਓਹਨਾ ਦਸਿਆ ਕਿ ਇਹਨਾਂ ਮੁਕਾਬਲਿਆਂ ਵਿਚ ਮਾਨਸਾ ਜਿਲੇ ਦੇ ਵੱਖ ਵੱਖ ਪਿੰਡਾਂ ਤੋਂ 15-29 ਸਾਲਾਂ ਦੇ ਨੌਜਵਾਨਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦਾ ਥੀਮ ਪੰਚ ਪ੍ਰਣ ਹੈ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਆਈ ਏ ਐਸ ਨੇ ਜੋਤ ਜਗਾ ਕਿ ਪ੍ਰੋਗਰਾਮ ਦਾ ਉਦਘਾਟਨ ਕੀਤਾ ਉਹਨਾ ਨੇ ਕਿਹਾ ਕਿ ਨੌਜਵਾਨਾਂ ਦੇ ਹੁਨਰ ਨੂੰ ਪਹਿਚਾਣ ਦੇਣ ਲਈ ਨਹਿਰੂ ਯੁਵਾ ਕੇਂਦਰ ਦਾ ਇਹ ਪ੍ਰੋਗਰਾਮ ਸ਼ਲਾਘਾਯੋਗ ਹੈ। ਇਹਨਾਂ ਪ੍ਰੋਗਰਾਮਾਂ ਸਦਕਾ ਨੌਜਵਾਨਾਂ ਨੂੰ ਆਪਣੀ ਪੜਾਈ ਦੇ ਨਾਲ ਨਾਲ ਆਪਣੇ ਹੁਨਰ ਨੂੰ ਵੀ ਨਿਖਾਰਨ ਦਾ ਮੌਕਾ ਮਿਲਦਾ ਹੈ।

ਪ੍ਰੋਗਰਾਮ ਦਾ ਮੰਚ ਸੰਚਾਲਨ ਸਰਨਜੀਤ ਸਿੰਘ ਨੇ ਕੀਤਾ ਅਤੇ ਉਹਨਾ ਨੇ ਦੱਸਿਆ ਕਿ ਅਤੇ ਪ੍ਰੋਗਰਾਮ ਦੇ ਪੇਟਿੰਗ ਮੁਕਾਬਲੇ ਵਿੱਚ 30 ਭਾਗੀਦਾਰਾਂ, ਕਵਿਤਾ ਮੁਕਾਬਲੇ ਵਿੱਚ 30 ਭਾਗੀਦਾਰਾਂ, ਫੋਟੋਗ੍ਰਾਫੀ ਵਿੱਚ 40 ਭਾਗੀਦਾਰਾਂ, ਭਾਸ਼ਣ ਮੁਕਾਬਲੇ 11 ਭਾਗੀਦਾਰਾਂ ਸਇੰਸ ਮੇਲਾ (ਸਿੰਗਲ)









ਵਿੱਚ ਭਾਗੀਦਾਰਾਂ 30 ਸਇੰਸ ਮੇਲਾ (ਗਰੁੱਪ) ਭਾਗੀਦਾਰਾਂ 10 ਅਤੇ ਸੱਭਿਆਚਾਰ ਵਿੱਚ 10 ਟੀਮਾਂ ਨੇ ਭਾਗ ਲਿਆ ਉਹਨਾ ਨੇ ਦੱਸਿਆਂ ਕਿ ਜੱਜਾਂ ਦੀ ਭੂਮਿਕਾ ਹਰਪ੍ਰੀਤ ਸਿੰਘ ਸ਼ਰਕਾਰੀ ਸੈਕੰਡਰੀ ਸਕੂਲ ਮੂਸਾ, ਰਾਜਵਿੰਦਰ ਸਿੰਘ ਪਰਗਟ ਸਿੰਘ, ਗੁਰਪ੍ਰੀਤ ਸਿੰਘ, ਗੁਰਪਿਆਰਾ ਸਿੰਘ, ਦਰਸਨ ਸਿੰਘ ਬੇਰਟਾ, ਗੁਰਪ੍ਰੀਤ ਸਿੰਘ, ਰਜਿੰਦਰ ਸਿੰਘ, ਗੁਰਪ੍ਰੀਤ ਕੌਰ, ਹਰਸ ਰਾਣੀ ਪਾਰੁਲ ਗੁਪਤਾ ,ਅਮਨਦੀਪ ਕੌਰ, ਸੁਖਵੀਰ ਸਿੰਘ, ਵੀਰਪਾਲ ਕੌਰ, ਪਰਮਜੀਤ ਕੌਰ, ਸਰਬਜੀਤ ਕੌਰ, ਜਸਵੀਰ ਕੌਰ, ਗੁਰਪ੍ਰੀਤ ਕੌਰ, ਹਰਪ੍ਰੀਤ ਸਿੰਘ ਅਸਵਨੀ ਬਾਵਾ, ਧੀਰਾ ਸਿੰਘ ਨੇ ਨਿਭਾਈ ।ਇਨਾਮ ਵੰਡ ਸਮਾਗਮ ਵਿੱਚ ਮਾਨਯੋਗ ਡਾ ਵਿਜੈ ਸਿੰਗਲਾ ਐਮ ਐਲ ਏ ਮਾਨਸਾ ਨੇ ਸੰਬੋਧਨ ਕਰਦਿਆ ਕਿਹਾ ਕਿ ਨਹਿਰੂ ਯੁਵਾ ਕੇਂਦਰ ਮਾਨਸਾ ਵਲੋਂ ਸਮੇਂ ਸਮੇਂ ਤੇ ਯੂਥ ਲਈ ਵਡਮੁੱਲੇ ਉਪਰਾਲੇ ਕੀਤੇ ਜਾਂਦੇ ਹਨ। ਯੁਵਾ ਉਤਸਵ ਨੌਜਵਾਨਾਂ ਅੰਦਰ ਹੁਨਰ ਵਿਕਸਿਤ ਕਰਨ ਅਤੇ ਉਹਨਾਂ ਦੀ ਪ੍ਰਤੀਭਾ ਨਿਖਾਰਨ ਲਈ ਇੱਕ ਵੱਡਾ ਪਲੇਟਫਾਰਮ ਹੈ ਇਸ ਮੌਕੇ ਡਾ ਵਿਜੈ ਸਿੰਗਲਾ ਐਮ ਐਲ ਏ ਮਾਨਸਾ ਦੁਆਰਾ ਜੇਤੂ ਨੌਜਵਾਨਾਂ ਨੂੰ ਇਨਾਮ ਅਤੇ ਸਰਟੀਫਿਕੇਟ ਤਕਸੀਮ ਕਰਦੇ ਹੋਏ ਵਧਾਈ ਦਿੱਤੀ

ਡਾ ਪਰਮਿੰਦਰ ਕੁਮਾਰੀ ਪ੍ਰਿੰਸੀਪਲ, ਪ੍ਰਿੰਸੀਪਲ ਸਵੀਤਾ ਕਾਠ, ਨੇ ਦੱਸਿਆ ਕਿ ਪੇਟਿੰਗ ਮੁਕਾਬਲੇ ਵਿਚ ਪਹਿਲਾ ਸਥਾਨ ਰਾਜਵੀਰ ਕੌਰ , ਦੂਜਾ ਸਥਾਨ ਅਕਾਸਦੀਪ ਕੌਰ , ਤੇ ਤੀਜਾ ਸਥਾਨ ਜਸਪ੍ਰੀਤ ਕੌਰ ਨੇ ਹਾਸਿਲ ਕੀਤਾ। ਮੋਬਾਈਲ ਫੋਟੋਗ੍ਰਾਫੀ ਮੁਕਾਬਲੇ ਵਿਚ ਪਹਿਲਾ ਸਥਾਨ ਰਮਇੰਦਰ ਸਿੰਘ, ਦੂਜਾ ਸਥਾਨ ਅੰਮ੍ਰਿਤਪਾਲ ਸਿੰਘ ਅਤੇ ਤੀਜਾ ਸਥਾਨ ਸੁਖਵਿੰਦਰ ਸਿੰਘ ਨੇ ਹਾਸਿਲ ਕੀਤਾ। ਕਵਿਤਾ ਲੇਖਣ ਮੁਕਾਬਲੇ ਵਿਚ ਪਹਿਲਾ ਸਥਾਨ ਅਰਸਪ੍ਰੀਤ ਕੌਰ, ਦੂਜਾ ਸਥਾਨ ਜਿਗਰਜੀਤ ਕੌਰ,ਤੇ ਤੀਜਾ ਸਥਾਨ ਰਾਜਵੀਰ ਕੌਰ ਨੇ ਹਾਸਿਲ ਕੀਤਾ। ਭਾਸ਼ਣ ਮੁਕਾਬਲੇ ਵਿਚ ਪਹਿਲਾ ਸਥਾਨ ਹਸਤਕਮਲ, ਦੂਜਾ ਸਥਾਨ ਕਰਮਜੀਤ , ਤੇ ਤੀਜਾ ਸਥਾਨ ਗੁਰਲੀਨ ਸਿੰਘ ਨੇ ਹਾਸਿਲ ਕੀਤਾ।ਸਇੰਸ ਮੇਲਾ (ਸਿੰਗਲ) ਵਿਚ ਪਹਿਲਾ ਸਥਾਨ ਕਰਨਵੀਰ ਕੌਰ, ਦੂਜਾ ਸਥਾਨ ਪਰਭਜੋਤ ਬਾਵਾ, ਤੇ ਤੀਜਾ ਸਥਾਨ ਜਤਿਨ ਗੋਇਲ, ਸਇੰਸ ਮੇਲਾ (ਗਰੁੱਪ) ਵਿਚ ਪਹਿਲਾ ਸਥਾਨ ਟੀਮ ਬਿਜਲੀ ਉਤਪਾਦਨ ਦੂਜਾ ਸਥਾਨ ਟੀਮ ਸਪੇਸ ਸਟੇਸ਼ਨ, ਤੇ ਤੀਜਾ ਸਥਾਨ ਟੀਮ ਸੂਰਜੀ ਸਿਸਟਮ, ਸੱਭਿਆਚਾਰਕ ਮੁਕਾਬਲੇ ਵਿਚ ਪਹਿਲਾ ਸਥਾਨ ਟੀਮ ਮਾਈ ਭਾਗੋ ਡਿਗਰੀ ਆਫ ਕਾਲਜ ਰੱਲਾ , ਦੂਜਾ ਸਥਾਨ ਸਰਕਾਰੀ ਆਈ ਟੀ ਆਈ ਮਾਨਸਾ, ਹਾਸਿਲ ਕੀਤਾ। ਅਤੇ ਸਾਰੇ ਜੱਜਾਂ ਨੂੰ ਸਨਮਾਨਿਤ ਵੀ ਕੀਤਾ ਗਿਆ

# ਕਮਲਾ ਨਹਿਰੂ ਪਬਲਿਕ ਸਕੂਲ 2024 ਦੇ ਸਾਲਾਨਾ ਸਮਾਗਮ ਦੀ ਮੇਜ਼ਬਾਨੀ ਕੀਤੀ ਦਾਸਤਾਨ-ਏ-ਮਹਾਰਾਜਾ ਰਣਜੀਤ ਸਿੰਘ



ਫਗਵਾੜਾ -( ਸੁਸ਼ੀਲ ਸ਼ਰਮਾ ) ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ ਨੇ ਆਪਣਾ ਸਲਾਨਾ ਸਮਾਰੋਹ 2024, 29.11.24 ਨੂੰ ਇੱਕ ਵਿਸ਼ਾਲ ਬਹੁ-ਭਾਸ਼ਾਈ ਨਾਟਕ ਰਚਨਾ, ਦਾਸਤਾਨ-ਏ-ਮਹਾਰਾਜਾ ਰਣਜੀਤ ਸਿੰਘ ਮਨਾਇਆ। ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪੇਸ਼ ਕੀਤੇ ਗਏ, ਦੋ ਘੰਟੇ ਦੇ ਮਨਮੋਹਕ ਪ੍ਰਦਰਸ਼ਨ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਵਿਰਾਸਤ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਬਰਾਬਰਤਾ ਅਤੇ ਧਰਮ ਨਿਰਪੱਖਤਾ ਨੂੰ ਅੱਗੇ ਵਧਾਇਆ।

ਮੁੱਖ ਮਹਿਮਾਨ ਸ੍ਰੀਮਤੀ ਡਾ. ਨਵਨੀਤ ਕੌਰ ਬੱਲ, ਪੀ.ਸੀ.ਐਸ., ਵਧੀਕ ਡਿਪਟੀ ਕਮਿਸ਼ਨਰ, ਕਪੂਰਥਲਾ ਕਮ ਕਮਿਸ਼ਨਰ ਨਗਰ ਨਿਗਮ, ਫਗਵਾੜਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀਮਤੀ ਦਿਵਿਆ ਸਰਦਾਨਾ ਮੌਜੂਦ ਸਨ।

™–12 ਦੇ 1500 ਵਿਦਿਆਰਥੀਆਂ ਨੇ ਆਪਣੀ ਬੇਮਿਸਾਲ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ, ਮਹਾਨ ਸ਼ਾਸਕ ਦੇ 1780 ਵਿੱਚ ਜਨਮ ਤੋਂ ਲੈ ਕੇ ਪੰਜਾਬ ਦੇ ਏਕੀਕਰਨ ਵਜੋਂ ਉਸ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੱਕ ਦੇ ਸਫ਼ਰ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ। ਰੰਗੀਨ ਡਰਾਮਾ, ਸੰਗੀਤ ਅਤੇ ਨ੍ਰਿਤ ਪ੍ਰਦਰਸ਼ਨਾਂ ਦੇ ਮਾਧਿਅਮ ਨਾਲ ਇਸ ਸਮਾਰੋਹ ਨੇ ਉਹਨਾਂ ਦੇ ਜੀਵਨ ਦੇ ਪ੍ਰਮੁੱਖ ਪੜਾਵਾਂ ਨੂੰ ਜੀਵੰਤ ਕਰ ਦਿੱਤਾ। ਜਿਸ ਵਿਚ ਉਹਨਾਂ ਦਾ ਸਾਹਸ ਅਤੇ ਦੂਰਦ੍ਰਿਸ਼ਟੀ ਸ਼ਾਮਲ ਸਨ।

ਸ਼੍ਰੀਮਤੀ ਪਰਮਜੀਤ ਕੌਰ ਢਿੱਲੋਂ, ਪ੍ਰਿੰਸੀਪਲ (ਐਡਮਿਨ ਐਂਡ ਇਨੋਵੇਸ਼ਨ), ਨੇ ਵਾਤਾਵਰਣ-ਅਨੁਕੂਲ ਸੱਦਾ ਪ੍ਰਣਾਲੀ ਦੀ ਸ਼ੁਰੂਆਤ ਕਰਕੇ ਸਕੂਲ ਦੀ ਸਥਿਰਤਾ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ। ਇੱਕ ♠♣ ਕੋਡ ਵਾਲਾ ਇੱਕ ਈ-ਕਾਰਡ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ ਸੀ ਤਾਂ ਜੋ ਮਾਪਿਆਂ ਨੂੰ ਸੱਦਾ ਦਿੱਤਾ ਜਾ ਸਕੇ, ਕਾਗਜ਼ ਦੀ ਸੰਭਾਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਵਾਤਾਵਰਣ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ।

ਸਲਾਨਾ ਫੰਕਸ਼ਨ 2024 ਪ੍ਰਤਿਭਾ, ਇਤਿਹਾਸ ਅਤੇ ਵਾਤਾਵਰਣ ਦੀ ਜ਼ਿੰਮੇਵਾਰੀ ਦਾ ਇੱਕ ਸ਼ਾਨਦਾਰ ਜਸ਼ਨ ਸੀ, ਜੋ ਕਿ ਕਮਲਾ ਨਹਿਰੂ ਪਬਲਿਕ ਸਕੂਲ ਦੇ ਸਮਰਪਣ, ਭਵਿੱਖ ਲਈ ਤਿਆਰ, ਅਤੇ ਸੱਭਿਆਚਾਰਕ ਤੌਰ ਤੇ ਅਮੀਰ ਸਿੱਖਿਆ ਨੂੰ ਦਰਸਾਉਂਦਾ ਹੈ।

# ਕੈਂਬਰਿਜ ਇੰਟਰਨੈਸ਼ਨਲ ਸਕੂਲ ਦੀ ਮੈਥ ਮਿਸਟ੍ਰੈਸ ਪ੍ਰੀਤੀ ਸ਼ਰਮਾ ਨੂੰ ਬੈਸਟ ਟੀਚਰ ਦਾ ਐਵਾਰਡ ਮਿਲਿਆ







ਫਗਵਾੜਾ (ਸੁਸ਼ੀਲ ਸ਼ਰਮਾ) ਫਗਵਾੜਾ ਦੇ ਵੱਕਾਰੀ ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਸੁਨਹਿਰੀ ਇਤਿਹਾਸ ਵਿਚ ਇਕ ਨਵਾਂ ਅਧਿਆਏ ਜੋੜਦੇ ਹੋਏ ਸਕੂਲ ਦੀ ਬੇਮਿਸਾਲ ਪ੍ਰਤਿਭਾਸ਼ਾਲੀ ਮੈਥ ਮਿਸਟ੍ਰੈਸ ਪ੍ਰੀਤੀ ਸ਼ਰਮਾ ਰਾਸ਼ਟਰੀ ਪੱਧਰ ਤੇ ਚੁਣੀ ਗਈ ਹੈ ਅਤੇ ਉਸ ਨੂੰ ਸਰਵੋਤਮ ਅਧਿਆਪਕ ਦਾ ਪੁਰਸਕਾਰ ਮਿਲਿਆ ਹੈ। ਪ੍ਰੀਤੀ ਸ਼ਰਮਾ ਦੀ ਇਸ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਬਿਜਲੀ ਬੋਰਡ ਚ ਕੰਮ ਕਰਦੇ ਉਨ੍ਹਾਂ ਦੇ ਪਤੀ ਤਰੁਣ ਦੁੱਗਲ ਨੇ ਕਿਹਾ ਕਿ ਐੱਫ.ਏ.ਪੀ. ਉਨ੍ਹਾਂ ਦੀ ਪਤਨੀ ਨੂੰ ਰਾਸ਼ਟਰੀ ਪੁਰਸਕਾਰ 2024 ਦੇ ਤਹਿਤ ਇਹ ਵੱਕਾਰੀ ਪੁਰਸਕਾਰ ਅਤੇ ਸਨਮਾਨ ਮਿਲਿਆ ਹੈ। ਮੈਥ ਮਿਸਟ੍ਰੈਸ ਪ੍ਰੀਤੀ ਸ਼ਰਮਾ ਨੂੰ ਵਧਾਈ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਜ਼ੋਰਾਵਰ ਸਿੰਘ ਨੇ ਕਿਹਾ ਕਿ ਇਹ ਉਸ ਦੀਆਂ ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤੀਆਂ ਅਤੇ ਪ੍ਰਾਪਤੀਆਂ ਦਾ ਸ਼ਕਤੀਸ਼ਾਲੀ ਪ੍ਰਮਾਣ ਹੈ। ਉਨ੍ਹਾਂ ਮੈਡਮ ਪ੍ਰੀਤੀ ਸ਼ਰਮਾ ਦੀ ਡਿਊਟੀ ਪ੍ਰਤੀ ਸਮਰਪਿਤ ਭਾਵਨਾ, ਕੁਰਬਾਨੀ, ਨਿਰਸਵਾਰਥ ਮਿਹਨਤ ਅਤੇ ਨਿਸ਼ਕਾਮ ਸੇਵਾ ਲਈ ਵੀ ਸ਼ਲਾਘਾ ਕੀਤੀ। ਇਸ ਦੌਰਾਨ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸਿੱਖਿਆ ਦੇ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਸਦਕਾ ਰਾਸ਼ਟਰੀ ਪੱਧਰ ਤੇ ਸਰਵੋਤਮ ਅਧਿਆਪਕ ਦਾ ਐਵਾਰਡ ਪ੍ਰਾਪਤ ਕਰਨ ਤੇ ਉਸ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਖੰਡ ਮਿੱਲ ਪਨਿਆੜ ਦੇ 45ਵੇਂ ਗੰਨਾ ਪਿੜਾਈ ਸੀਜ਼ਨ ਦਾ ਉਦਘਾਟਨ



ਦੀਨਾਨਗਰ/ ( ਡਾ.ਰਮੇਸ਼ ਸਰੰਗਲ ) – ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਅੱਜ ਸਹਿਕਾਰੀ ਖੰਡ ਮਿੱਲ ਪਨਿਆੜ ਦੇ 45ਵੇਂ ਦੇ ਗੰਨਾ ਪਿੜਾਈ ਸੀਜਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਆਪ ਆਗੂ ਸ਼ਮਸ਼ੇਰ ਸਿੰਘ, ਮਿੱਲ ਦੇ ਜਨਰਲ ਮੈਨੇਜਰ ਸਰਬਜੀਤ ਸਿੰਘ ਹੁੰਦਲ, ਇੰਜੀਨੀਅਰ ਸੰਦੀਪ ਸਿੰਘ, ਚੀਫ ਕੈਮਿਸਟ ਆਈ.ਪੀ.ਐੱਸ ਭਾਟੀਆ ਅਤੇ ਚੀਫ ਅਕਾਊਂਟ ਅਫ਼ਸਰ ਏ.ਐੱਸ. ਮਠਾਰੂ ਵੀ ਮੌਜੂਦ ਸਨ।

ਗੰਨੇ ਦੇ ਪਿੜਾਈ ਸੀਜ਼ਨ ਦੀ ਸ਼ੁਰੂਆਤ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਘੜੀ ਅਪਣੇ ਕਿਸਾਨ ਭਰਾਵਾਂ ਦੇ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਵਿੱਚ ਕੰਮ ਕੀਤੇ ਜਾ ਰਹੇ ਹਨ ਅਤੇ ਹਾਲ ਹੀ ਵਿੱਚ ਗੰਨੇ ਦੇ ਭਾਅ ਵਿੱਚ 10 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਭਰ ਵਿੱਚੋਂ ਕਿਸਾਨਾਂ ਨੂੰ ਸਭ ਤੋਂ ਵੱਧ ਗੰਨੇ ਦਾ ਭਾਅ ਦੇਣ ਵਾਲਾ ਸੂਬਾ ਹੈ।

ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ 402 ਕਰੋੜ ਰੁਪਏ ਖਰਚ ਕਰਕੇ ਸਹਿਕਾਰੀ ਮਿੱਲ ਗੁਰਦਾਸਪੁਰ ਦੀ ਸਮਰੱਥਾ ਵਧਾ ਕੇ 5000 ਟੀ.ਸੀ.ਡੀ. ਕੀਤੀ ਜਾ ਰਹੀ ਹੈ ਅਤੇ ਬਹੁਤ ਜਲਦੀ ਇਹ ਪ੍ਰੋਜੈਕਟ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਿੱਲ ਵਿਖੇ 250 ਕਰੋੜ ਰੁਪਏ ਦੀ ਲਾਗਤ ਨਾਲ ਇੱਕ 120 ਕੇ.ਐਲ.ਪੀ.ਡੀ ਈਥਾਨੋਲ ਪਲਾਂਟ ਵੀ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿੱਲ ਦੀ ਸਮਰੱਥਾ ਵੱਧਣ ਨਾਲ ਇਲਾਕੇ ਦੇ ਗੰਨਾ ਕਾਸ਼ਤਕਾਰਾਂ ਦਾ ਸਾਰਾ ਗੰਨਾ ਪੀੜਿਆ ਜਾ ਸਕੇਗਾ ਜਿਸ ਨਾਲ ਗੰਨਾਂ ਕਾਸਤਕਾਰਾਂ ਅਤੇ ਇਲਾਕਾ ਵਾਸੀਆਂ ਨੂੰ ਵਿੱਤੀ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਲਗਣ ▼ਤੇ ਗੰਨਾ ਕਾਸਤਕਾਰਾਂ ਨੂੰ ਬਾਹਰਲੀਆਂ ਮਿੱਲਾਂ ਵਿੱਚ ਸਪਲਾਈ ਕੀਤੇ ਜਾ ਰਹੇ ਗੰਨੇ ਦੀ ਢੋਆ-ਢੁਆਈ ▼ਤੇ ਖਰਚੇ ਜਾ ਰਹੇ 15-20 ਕਰੋੜ ਰੁਪਏ ਦੀ ਬਚਤ ਵੱਖਰੀ ਹੋਵੇਗੀ।

ਰੋਜ਼ਾਨਾ ਲੋਕ ਬਾਣੀ
www.lokbani

ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਕਿਸਾਨੀ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੁਫ਼ਤ ਤੇ ਨਿਰਵਿਘਨ ਬਿਜਲੀ ਸਪਲਾਈ, ਸਬਸਿਡੀ ਉੱਪਰ ਖੇਤੀ ਸੰਦ, ਸਹਾਇਕ ਧੰਦੇ ਸ਼ੁਰੂ ਕਰਨ ਲਈ ਵਿੱਤੀ ਸਹਾਇਤਾ ਦੇਣ ਦੇ ਨਾਲ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨ ਕੀਤੇ ਜਾ ਰਹੇ ਹਨ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਮਿੱਲ ਨੂੰ ਪਹਿਲੇ ਪੰਜ ਗੰਨਾ ਸਪਲਾਈ ਕਰਨ ਵਾਲੇ ਕਿਸਾਨ ਬਲਬੀਰ ਸਿੰਘ ਪਿੰਡ ਬਲਸੂਆਂ, ਹੰਸ ਰਾਜ ਪਿੰਡ ਝੇਲਾ ਸ਼ਕਰਗੜ੍ਹ, ਅੱਛਰ ਸਿੰਘ ਪਿੰਡ ਦਲੇਰਪੁਰ, ਗੁਰਮੁੱਖ ਸਿੰਘ ਪਿੰਡ ਚੂੜ ਚੱਕ ਅਤੇ ਜੇਠਾ ਸਿੰਘ ਪਿੰਡ ਟਾਂਡਾ ਨੂੰ ਵਿਸ਼ੇਸ਼ ਤੌਰ ▼ਤੇ ਸਨਮਾਨਿਤ ਕੀਤਾ ਗਿਆ।

# ਅੰਗਦ ਤੇ ਰਿਧੀ ਦੀ ਨਵੀ ਜੋੜੀ ਨਵੀ ਕਹਾਣੀ ਦੇ ਨਾਲ ਪੇਸ਼ ਹੋਣ ਜਾ ਰਹੀ ਹੈ ਜ਼ੀ ਪੰਜਾਬੀ ਤੇ, ਨਵਾ ਮੋੜ 2 ਦਸੰਬਰ, 2024 ਨੂੰ ਸ਼ਾਮ 7:00 ਵਜੇ !



(ਲੋਕ ਬਾਣੀ) ਜ਼ੀ ਪੰਜਾਬੀ ਆਪਣੀ ਨਵੀ ਪੇਸ਼ਕਸ਼, ਨਵਾ ਮੋੜ, 2 ਦਸੰਬਰ, 2024 ਨੂੰ ਸ਼ਾਮ 7:00 ਵਜੇ ਪ੍ਰੀਮੀਅਰ ਹੋਣ ਦੇ ਨਾਲ ਦਰਸ਼ਕਾਂ ਨੂੰ ਖੁਸ਼ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਹਰ ਸੋਮਵਾਰ ਤੋਂ ਸ਼ਨੀਵਾਰ ਨੂੰ ਪ੍ਰਸਾਰਿਤ ਹੋਣ ਵਾਲਾ, ਸ਼ੋਅ ਇੱਕ ਤਾਜ਼ਾ ਅਤੇ ਰੋਮਾਂਚਕ ਔਨ-ਸਕ੍ਰੀਨ ਜੋੜੀ ਪੇਸ਼ ਕਰਦਾ ਹੈ-ਨਵਦੀਪ ਸਿੰਘ ਬਾਜਵਾ ਅੰਗਦ ਦੇ ਰੂਪ ਵਿੱਚ ਅਤੇ ਜਾਗ੍ਰਿਤੀ ਠਾਕੁਰ ਰਿਧੀ ਦੇ ਰੂਪ ਵਿੱਚ ਪੇਸ਼ ਕਰੇਗਾ।

ਨਵਾਂ ਮੋੜ ਇੱਕ ਦਿਲ ਨੂੰ ਛੂਹਣ ਲੈਣ ਕਹਾਣੀ ਬਣਨ ਲਈ ਪੂਰੀ ਤਰ੍ਹਾਂ ਤਿਆਰ ਹੈ ਜਿਸ ਵਿੱਚ ਸਾਨੂੰ ਪਿਆਰ, ਏਕਤਾ, ਪਰਿਵਾਰ ਦੀ ਅਹਿਮੀਅਤ ਦਰਸਾਏਗੀ। ਕਹਾਣੀ ਇਕੱਠੇ, ਉਨ੍ਹਾਂ ਦੀ ਯਾਤਰਾ ਦੂਜੇ ਮੌਕਿਆਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਜੀਵਨ ਦੇ ਉਤਰਾਅ-ਚੜ੍ਹਾਅ ਨੂੰ ਦਰਸਾਉਂਦੀ ਹੈ।

ਆਪਣੇ ਉਤਸ਼ਾਹ ਨੂੰ ਜ਼ਾਹਰ ਕਰਦੇ ਹੋਏ, ਨਵਦੀਪ ਸਿੰਘ ਬਾਜਵਾ ਨੇ ਕਿਹਾ, ਅੰਗਦ ਕਈ ਪਰਤਾਂ ਵਾਲਾ ਇੱਕ ਪਾਤਰ ਹੈ, ਅਤੇ ਮੈਂ ਉਸਦੀ ਕਹਾਣੀ ਨੂੰ ਜੀਵਨ ਵਿੱਚ ਲਿਆਉਣ ਲਈ ਬਹੁਤ ਖੁਸ਼ ਹਾਂ। ਨਵਾ ਮੋੜ ਇੱਕ ਕਹਾਣੀ ਹੈ ਜੋ ਕਿਸੇ ਵੀ ਵਿਅਕਤੀ ਨਾਲ ਗੂੰਜਦੀ ਹੈ ਜਿਸਨੇ ਕਦੇ ਵੀ ਜੀਵਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ ਅਤੇ ਅੱਗੇ ਵਧਣ ਦੀ ਤਾਕਤ ਪ੍ਰਾਪਤ ਕੀਤੀ ਹੈ।

ਜਾਗ੍ਰਿਤੀ ਠਾਕੁਰ ਨੇ ਅੱਗੇ ਕਿਹਾ, ਰਿਧੀ ਦਾ ਕਿਰਦਾਰ ਪ੍ਰੇਰਨਾਦਾਇਕ ਹੈ, ਅਤੇ ਉਸਦੀ ਉਮੀਦ ਅਤੇ ਲਗਨ ਦੀ ਯਾਤਰਾ ਇੱਕ ਅਜਿਹੀ ਚੀਜ਼ ਹੈ ਜੋ ਮੈਨੂੰ ਵਿਸ਼ਵਾਸ ਹੈ ਕਿ ਦਰਸ਼ਕ ਇਸ ਨਾਲ ਡੂੰਘਾਈ ਨਾਲ ਜੁੜਨਗੇ। ਮੈਂ ਅਜਿਹੇ ਸਾਰਥਕ ਪ੍ਰੋਜੈਕਟ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰ ਰਹੀ ਹਾਂ।

ਜ਼ੀ ਪੰਜਾਬੀ ਤੇ ਨਵਾ ਮੋੜ ਦੇ ਪ੍ਰੀਮੀਅਰ ਨੂੰ ਦੇਖਣਾ ਨਾ ਭੁੱਲੋ, ਕਿਉਂਕਿ ਤਬਦੀਲੀ ਦੀ ਇਹ ਦਿਲਚਸਪ ਕਹਾਣੀ 2 ਦਸੰਬਰ, 2024 ਤੋਂ ਸ਼ੁਰੂ ਹੋ ਰਹੀ ਹੈ।

# ਸਾਬਕਾ ਵਿਦਿਆਰਥੀ ,ਕਵੀ ਅਤੇ ਲੇਖਕ ਸ਼੍ਰੀਮਤੀ ਬਲਰੂਪ ਸਿੰਘ ਨੇ 12 ਵਡਮੁੱਲੀ ਸਾਹਿਤਕ ਪੁਸਤਕਾਂ ਆਪਣੇ ਆਲਮਾ ਮੈਟਰ ਐਸ.ਸੀ.ਡੀ ਸਰਕਾਰੀ ਕਾਲਜ, ਲੁਧਿਆਣਾ ਨੂੰ ਭੇਟ ਕੀਤੀਆਂ।

ਲੁਧਿਆਣਾ( ਸੁਖਚੈਨ ਮਹਿਰਾ ਬਹਾਦਰ ਕੇ ) ਐਸ.ਸੀ.ਡੀ ਸਰਕਾਰੀ ਕਾਲਜ, ਲੁਧਿਆਣਾ ਐਲੂਮਨੀ ਆਥਰਡ ਬੁੱਕਸ ਕਾਰਨਰ ਵਿੱਚ ਇੱਕ ਹੋਰ ਸਮ੍ਰਿੱਧ ਵਾਧਾ ਹੋਇਆ ਜਦੋਂ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧ ਲੇਖਕ ਅਤੇ ਕਾਲਜ ਦੀ ਪੁਰਾਣੀ ਵਿਦਿਆਰਥਣ ਸ਼੍ਰੀਮਤੀ ਬਲਰੂਪ ਸਿੰਘ 12 ਕੀਮਤੀ ਕਿਤਾਬਾਂ ਤੋਹਫ਼ੇ ਵਜੋਂ ਲਾਇਬਰੇਰੀ ਵਿੱਚ ਦੇਣ ਆਈ। ਬਲਰੂਪ ਲਗਭਗ 50 ਸਾਲਾਂ ਬਾਅਦ ਅਮਰੀਕਾ ਤੋਂ ਆਪਣੇ ਅਲਮਾ ਮੇਟਰ ਆਈ ਸੀ, ਜਿੱਥੇ ਉਸ ਨੂੰ ਐਲੂਮਨੀ ਆਥਰ ਬੁੱਕਸ ਸੈਕਸ਼ਨ ਸਥਾਪਤ ਕਰਨ ਲਈ ਕਾਲਜ ਦੇ ਯਤਨਾਂ ਬਾਰੇ ਪਤਾ ਲੱਗਾ। ਉਸ ਦੀਆਂ ਕਿਤਾਬਾਂ ਅਮਰੀਕਾ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਉਸਨੇ 1974-76 ਦੇ ਸੈਸ਼ਨ ਵਿੱਚ ਇਸ ਕਾਲਜ ਤੋਂ ਅੰਗਰੇਜ਼ੀ ਸਾਹਿਤ ਵਿੱਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਹਿਪਾਠੀ ਦਲਬੀਰ ਸਿੰਘ ਮੌਲੀ ਅਤੇ ਐਲੂਮਨੀ ਐਸੋਸੀਏਸ਼ਨ ਦੇ ਪ੍ਰਬੰਧਕੀ ਸਕੱਤਰ ਬ੍ਰਿਜ ਭੂਸ਼ਣ ਗੋਇਲ ਵੀ ਸਨ। ਸਾਰੇ ਐਲੂਮਨੀ ਵਿਦਿਆਰਥੀਆਂ ਦਾ ਕਾਲਜ ਦੇ ਅਧਿਆਪਕਾਂ ਨੇ ਸਵਾਗਤ ਕੀਤਾ। ਅਮਿਤਾ ਥਮਨ (ਐਚਓਡੀ ਅੰਗਰੇਜ਼ੀ ਵਿਭਾਗ) ਪ੍ਰੋ. ਇਰਦੀਪ ਅਤੇ ਪ੍ਰੋ. ਸ਼੍ਰੀਮਤੀ ਗੀਤਾਂਜਲੀ ਪਾਬਰੇਜਾ ਨੇ ਆਉਣ ਵਾਲੇ ਸਾਬਕਾ ਵਿਦਿਆਰਥੀਆਂ ਨੂੰ ਚੰਗੇ ਪੁਰਾਣੇ ਦਿਨਾਂ ਦੀ ਯਾਦ ਦਿਵਾ ਦਿੱਤੀ।



ਬਲਰੂਪ ਨੂੰ ਇੱਕ ਅਧਿਆਪਕ, ਇੱਕ ਕਵੀ ਅਤੇ ਇੱਕ ਲੇਖਕ ਦੇ ਰੂਪ ਵਿੱਚ ਹਮੇਸ਼ਾ ਲਿਖਣ ਦਾ ਜਨੂੰਨ ਰਿਹਾ। ਉਸ ਦੀ ਕਲਪਨਾ ਦੀ ਦੁਨੀਆ ਦਾ ਯਥਾਰਥਵਾਦ ਨਾਲ ਅਜੀਬ ਸੰਬੰਧ ਹੈ। ਉਸ ਦੀ ਯਾਤਰਾ ਉਦੋਂ ਸ਼ੁਰੂ ਹੋਈ ਜਦੋਂ ਉਸ ਨੇ ਆਪਣੀ ਪਹਿਲੀ ਕਵਿਤਾ ਪੁਸਤਕ ਦਿ ਮੈਗਨਿਫੀਸੈਂਟ ਸ਼ੈਡੋਜ਼ ਆਫ਼ ਲਾਈਫ ਪ੍ਰਕਾਸ਼ਿਤ ਕੀਤੀ। ਇਸ ਤੋਂ ਇਲਾਵਾ, ਹਿਊਜ਼ ਆਫ਼ ਹੋਪਜ਼, ਮੈਜੀਕਲ ਵਿਸਪਰਸ, ਟਾਈਮਲੈੱਸ ਇਕੋਜ਼, ਫਿਊਜ਼ਨ, ਮੋਮੈਂਟਸ ਵੀ ਲਵ, ਸਬਲਾਈਮ ਸ਼ੈਡੋਜ਼ ਆਫ਼ ਲਾਈਫ, ਸਿਲਵਰਜ਼-ਚਿਜ਼ਲਡ ਕਵਿਤਾ, ਬਸ ਇੱਕ ਅਲਵਿਦਾ (ਸਾਰੀਆਂ ਕਵਿਤਾਵਾਂ) ਅਤੇ ਲੇਖਾਂ ਦੀਆਂ 2 ਕਿਤਾਬਾਂ ' ਆਪਣੇ ਆਪ ਨੂੰ ਇੱਕ ਬਿਹਤਰ ਵਿਅਕਤੀ ਬਣਨ ਦਿਓ ' ਅਤੇ ' ਸੰਬੰਧਾਂ ਦੇ ਵਿਕਲਪਿਕ ਸੱਚਾਈਆਂ ' ਕਿਤਾਬਾਂ ਕਾਲਜ ਨੂੰ ਦਿੱਤੀਆਂ।

ਪ੍ਰਿੰਸੀਪਲ ਸੁਮਨ ਲਤਾ ਨੇ ਆਪਣੇ ਸੰਦੇਸ਼ ਵਿੱਚ ਸ਼੍ਰੀਮਤੀ ਬਲਰੂਪ ਦਾ ਉਨ੍ਹਾਂ ਦੇ ਕਾਲਜ ਆਉਣ ਅਤੇ ਕੀਮਤੀ ਕਿਤਾਬਾਂ ਦੇਣ ਲਈ ਉਨ੍ਹਾਂ ਦੀ ਉਦਾਰਤਾ ਲਈ ਧੰਨਵਾਦ ਕੀਤਾ। ਗੋਇਲ ਨੇ ਦੱਸਿਆ ਕਿ ਸਾਬਕਾ ਵਿਦਿਆਰਥੀਆਂ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਦੀ ਗਿਣਤੀ 245 ਹੋ ਗਈ ਹੈ ਅਤੇ ਹੋਰ ਕਿਤਾਬਾਂ ਆਉਂਦੀਆਂ ਰਹਿਣਗੀਆਂ ਕਿਉਂਕਿ ਅਸੀਂ ਵਿਸ਼ਵ ਪੱਧਰ ਤੇ ਅਲਮਾ ਮੈਟਰ ਦੇ ਸਾਬਕਾ ਵਿਦਿਆਰਥੀਆਂ ਦੇ ਲੇਖਕਾਂ ਨਾਲ ਜੁੜਦੇ ਹਾਂ। ਪ੍ਰੋਫੈਸਰ ਪੀ. ਕੇ. ਸ਼ਰਮਾ ਵੀ ਇੱਕ ਸਾਬਕਾ ਵਿਦਿਆਰਥੀ ਹਨ ਅਤੇ ਉਹ ਕਹਿੰਦੇ ਹਨ, ਸ਼੍ਰੀਮਤੀ ਬਲਰੂਪ ਦੀ ਸਾਹਿਤਕ ਰਚਨਾ ਨੇ ਲਾਇਬ੍ਰੇਰੀ ਹਾਲ ਵਿੱਚ ਨਾਮਣਾ ਖੱਟਿਆ ਹੈ। ਉਨ੍ਹਾਂ ਨੂੰ ਵਧਾਈ ਦੇਣ ਵਾਲੇ ਹੋਰ ਸਾਬਕਾ ਵਿਦਿਆਰਥੀਆਂ ਵਿੱਚ ਪ੍ਰਿੰਸੀਪਲ ਮਨਜੀਤ ਸਿੰਘ ਸੰਧੂ, ਸ਼੍ਰੀਮਤੀ ਰਸ਼ਮੀ ਵਰਮਾ, ਸ਼੍ਰੀਮਤੀ ਸਰਿਤਾ ਤਿਵਾੜੀ, ਅਮਰਜੀਤ ਸਿੰਘ ਸੰਧੂ, ਪ੍ਰੋਫੈਸਰ ਅਸ਼ੋਕ ਕਪੂਰ, ਕੇ. ਬੀ. ਸਿੰਘ, ਬਲਦੇਵ ਸਿੰਘ ਅਤੇ ਸ਼੍ਰੀਮਤੀ ਹਰਿੰਦਰ ਬਰਾਰ (ਸੇਵਾਮੁਕਤ) ਤੋਂ ਇਲਾਵਾ ਕਈ ਹੋਰ ਸ਼ਾਮਲ ਹਨ।

# 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ 6-7-8 ਦਸੰਬਰ ਨੂੰ




ਫ਼ਿਰੋਜ਼ਪੁਰ, (ਲੋਕ ਬਾਣੀ) ਮਯੰਕ ਫਾਊਂਡੇਸ਼ਨ ਵੱਲੋਂ 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ 6 ਤੋਂ 8 ਦਸੰਬਰ ਤੱਕ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਫ਼ਿਰੋਜ਼ਪੁਰ ਦੇ ਵਿਸ਼ਨੂੰ ਭਗਵਾਨ ਆਡੀਟੋਰੀਅਮ ਵਿਖੇ ਕਰਵਾਈ ਜਾ ਰਹੀ ਹੈ। ਇਹ ਟੂਰਨਾਮੈਂਟ ਹਰ ਸਾਲ ਨੌਜਵਾਨ ਸ਼ਟਲਰ ਮਯੰਕ ਸ਼ਰਮਾ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਇਸ ਵਾਰ ਉੱਤਰੀ ਭਾਰਤ ਦੇ ਰਾਜਾਂ ਦੇ ਲਗਭਗ 400 ਖਿਡਾਰੀ ਆਪਣੇ ਬੈਡਮਿੰਟਨ ਹੁਨਰ ਦਾ ਪ੍ਰਦਰਸ਼ਨ ਕਰਨਗੇ। ਚੈਂਪੀਅਨਸ਼ਿਪ ਨੂੰ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਅਤੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ, ਫ਼ਿਰੋਜ਼ਪੁਰ ਦੁਆਰਾ ਅਧਿਕਾਰਤ ਤੌਰ ਤੇ ਮਨਜ਼ੂਰੀ ਦਿੱਤੀ ਗਈ ਹੈ, ਜੋ ਟੂਰਨਾਮੈਂਟ ਦੀ ਗੁਣਵੱਤਾ ਅਤੇ ਮੁਕਾਬਲੇ ਦੇ ਉੱਚੇ ਮਿਆਰ ਦੀ ਪੁਸ਼ਟੀ ਕਰਦੀ ਹੈ। ਟੂਰਨਾਮੈਂਟ ਦੇ ਸਫਲ ਆਯੋਜਨ ਲਈ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੀ ਤਰਫੋਂ ਸੰਯੁਕਤ ਸਕੱਤਰ ਵਿਨੈ ਕੁਮਾਰ ਵੋਹਰਾ ਨੂੰ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ।

ਪ੍ਰੋਜੈਕਟ ਕੋਆਰਡੀਨੇਟਰ ਰਾਕੇਸ਼ ਕੁਮਾਰ ਅਤੇ ਦੀਪਕ ਮਾਥਪਾਲ ਨੇ ਕਿਹਾ ਕਿ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਸਿਰਫ਼ ਇੱਕ ਖੇਡ ਮੁਕਾਬਲਾ ਨਹੀਂ ਸਗੋਂ ਮਯੰਕ ਸ਼ਰਮਾ ਦੀ ਯਾਦ ਨੂੰ ਸ਼ਰਧਾਂਜਲੀ ਹੈ। ਉਹ ਇੱਕ ਸ਼ਾਨਦਾਰ ਸ਼ਟਲਰ ਸੀ, ਅਤੇ ਇਸ ਟੂਰਨਾਮੈਂਟ ਦੇ ਜ਼ਰੀਏ ਅਸੀਂ ਖੇਡ ਵਿੱਚ ਉਸਦੇ ਸਮਰਪਣ ਅਤੇ ਯੋਗਦਾਨ ਨੂੰ ਯਾਦ ਕਰਦੇ ਹਾਂ। ਟੂਰਨਾਮੈਂਟ ਹੁਣ ਸਾਲਾਨਾ ਪਰੰਪਰਾ ਬਣ ਗਿਆ ਹੈ, ਜਿੱਥੇ ਖਿਡਾਰੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਨਵੇਂ ਖਿਡਾਰੀਆਂ ਨੂੰ ਪਲੇਟਫਾਰਮ ਮਿਲਦਾ ਹੈ। ਇਸ ਮੁਕਾਬਲੇ ਰਾਹੀਂ ਮਯੰਕ ਫਾਊਂਡੇਸ਼ਨ ਨਾ ਸਿਰਫ਼ ਬੈਡਮਿੰਟਨ ਨੂੰ ਉਤਸ਼ਾਹਿਤ ਕਰਦੀ ਹੈ ਸਗੋਂ ਨੌਜਵਾਨ ਖਿਡਾਰੀਆਂ ਨੂੰ ਉੱਜਵਲ ਭਵਿੱਖ ਲਈ ਪ੍ਰੇਰਿਤ ਵੀ ਕਰਦੀ ਹੈ।

7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਇਸ ਵਾਰ ਵੀ ਰੋਮਾਂਚਕ ਮੈਚਾਂ ਨਾਲ ਭਰਪੂਰ ਹੋਵੇਗੀ, ਜਿਸ ਵਿੱਚ 6 ਵਰਗਾਂ ਵਿੱਚ ਹੋਣ ਵਾਲੇ ਟੂਰਨਾਮੈਂਟ ਵਿੱਚ ਜੇਤੂਆਂ ਨੂੰ 15,000 ਰੁਪਏ ਦੇ ਨਕਦ ਇਨਾਮ ਅਤੇ ਉਪ ਜੇਤੂ ਨੂੰ 11,000 ਰੁਪਏ ਦੇ ਇਨਾਮ ਅਤੇ ਟਰਾਫੀਆਂ ਦਿੱਤੀਆਂ ਜਾਣਗੀਆਂ ।

# ਵਿਧਾਇਕ ਧਾਲੀਵਾਲ ਨੇ ਮਹਿਲਾ 'ਆਪ' ਆਗੂ ਗੁਰਪ੍ਰੀਤ ਕੌਰ ਜੰਡੂ ਨੂੰ ਕਾਂਗਰਸ 'ਚ ਕਰਵਾਇਆ ਸ਼ਾਮਲ

ਫਗਵਾੜਾ ( ਸੁਸ਼ੀਲ ਸ਼ਰਮਾ ) ਸ਼ਹਿਰ ਦੇ ਵਾਰਡ ਨੰਬਰ 28 ਅਰਬਨ ਅਸਟੇਟ ਤੋਂ ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਗੁਰਪ੍ਰੀਤ ਕੌਰ ਜੰਡੂ ਅੱਜ ਪਰਿਵਾਰ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਈ। ਜੰਡੂ ਪਰਿਵਾਰ ਨੂੰ ਕਾਂਗਰਸ ਵਿੱਚ ਸ਼ਾਮਲ ਕਰਵਾਉਣ ਲਈ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਅਰਬਨ ਅਸਟੇਟ ਪੁੱਜੇ। ਗੁਰਪ੍ਰੀਤ ਕੌਰ ਜੰਡੂ ਦਾ ਕਾਂਗਰਸ ਵਿੱਚ ਸਵਾਗਤ ਕਰਦਿਆਂ ਉਹਨਾਂ ਨੇ ਕਿਹਾ ਕਿ ਸ੍ਰੀਮਤੀ ਸੋਨੀਆ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਹਮੇਸ਼ਾ ਹੀ ਔਰਤਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਜੰਡੂ ਪਰਿਵਾਰ ਨੂੰ ਕਾਂਗਰਸ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦੇਣ ਦਾ ਭਰੋਸਾ ਵੀ ਦਿੱਤਾ। ਇਸ ਦੌਰਾਨ ਗੁਰਪ੍ਰੀਤ ਕੌਰ ਜੰਡੂ ਨੇ ਕਿਹਾ ਕਿ ਉਹ ਇੱਕ ਨਵੀਂ ਕਿਸਮ ਦੀ ਰਾਜਨੀਤੀ ਅਤੇ ਸਮਾਜ ਸੇਵਾ ਦਾ ਸੁਪਨਾ ਲੈ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈ ਸੀ, ਪਰ ਇਸ ਪਾਰਟੀ ਵਿੱਚ ਜੋ ਵੀ ਦੇਖਿਆ, ਉਸ ਨੇ ਉਨ੍ਹਾਂ ਦਾ ਮੋਹ ਭੰਗ ਕਰ ਦਿੱਤਾ ਹੈ। 'ਆਪ' ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦੀ ਗਰੰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਗਰੰਟੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਪਾਰਟੀ ਦੇ ਵੱਡੇ ਆਗੂ ਚੋਣ ਜਿੱਤਣ ਲਈ ਲੋਕਾਂ ਨੂੰ ਝੂਠੇ ਲਾਰੇ ਲਗਾਉਣ ਵਿਚ ਮੁਹਾਰਤ ਰੱਖਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਅਤੇ ਕਿਸਾਨ ਵਿਰੋਧੀ ਪਾਰਟੀ ਹੈ, ਇਸ ਲਈ ਅੱਜ ਉਨ੍ਹਾਂ ਨੇ ਪਰਿਵਾਰ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਆਉਣ ਵਾਲੀਆਂ ਕਾਰਪੋਰਸ਼ੇਨ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਹੱਕ ਵਿੱਚ ਔਰਤਾਂ ਨੂੰ ਲਾਮਬੰਦ ਕਰਨ ਦੀ ਗੱਲ ਵੀ ਕਹੀ। ਇਸ ਮੌਕੇ ਤਰਨਜੀਤ ਸਿੰਘ ਬੰਟੀ ਵਾਲੀਆ, ਮੁਨੀਸ਼ ਪ੍ਰਭਾਕਰ, ਸੁਸ਼ੀਲ ਮੈਣੀ, ਸ਼ਰਨਜੀਤ ਸਿੰਘ, ਤ੍ਰਿਪਤਾ ਸ਼ਰਮਾ, ਰਣਜੀਤ ਕੌਰ ਰਾਣੀ, ਬਲਜੀਤ ਕੌਰ ਬੁੱਟਰ, ਨਰਿੰਦਰ ਸਿੰਘ ਠੇਕੇਦਾਰ, ਰਵਿੰਦਰ ਸਿੰਘ ਬੱਬੂ ਭੱਲਾ ਆਦਿ ਹਾਜਰ ਸਨ।



# ਐਸ ਐਸ ਐਮ ਕਾਲਜ ਵਿੱਚ ਰਾਸ਼ਟਰੀ ਏਕਤਾ ਦਿਵਸ ਦਾ ਆਯੋਜਨ ਕੀਤਾ ਗਿਆ



ਦੀਨਾਨਗਰ, (ਡਾ.ਰਮੇਸ਼ ਸਰੰਗਲ ) ਐੱਸ. ਐੱਸ. ਐੱਮ. ਕਾਲਜ ਦੀਨਾਨਗਰ ਦੇ ਪ੍ਰਿੰਸੀਪਲ ਡਾ. ਆਰ. ਕੇ ਤੁਲੀ ਜੀ ਦੀ ਅਗਵਾਈ ਹੇਠ ਐੱਨਐੱਸਐੱਸ ਵਿਭਾਗ ਦੇ ਸਹਿਯੋਗ ਨਾਲ ਰਾਸ਼ਟਰੀ ਏਕਤਾ ਦਿਵਸ ਨੂੰ ਸਮਰਪਿਤ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਪ੍ਰਤੀਯੋਗੀਆਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਦਰਸਾਉਂਦੇ ਪੋਸਟਰਾਂ ਰਾਹੀਂ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਇਸ ਸਬੰਧੀ ਪਿ੍ਰੰਸੀਪਲ ਨੇ ਕਿਹਾ ਕਿ ਇਕਜੁੱਟ ਰਾਸ਼ਟਰ ਹਮੇਸ਼ਾ ਵਿਕਾਸ ਅਤੇ ਖੁਸ਼ਹਾਲੀ ਵੱਲ ਵਧੇਗਾ । ਮੁਕਾਬਲੇ ਵਿੱਚ ਵਿਦਿਆਰਥਣ ਰਾਜਵਿੰਦਰ ਕੌਰ ਪਹਿਲੇ, ਅਰਸ਼ਦੀਪ ਦੂਜੇ ਅਤੇ ਗਹਿਨਾ ਤੀਜੇ ਸਥਾਨ 'ਤੇ ਰਹੀ। ਇਸ ਮੌਕੇ ਡਾ: ਰਾਜਨ ਹਾਂਡਾ, ਪ੍ਰੋ. ਪ੍ਰਬੋਧ ਗਰੋਵਰ, ਪ੍ਰੋ. ਸੁਸ਼ਮਾ ਅਤੇ ਪ੍ਰੋ. ਸੁਬੀਰ ਰਗਬੋਤਰਾ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸੰਪੂਰਨ ਟੀਕਾਕਰਨ ਬੱਚਿਆਂ ਨੂੰ ਕਈ ਘਾਤਕ ਬਿਮਾਰੀਆਂ ਤੋਂ ਬਚਾਉਂਦਾ ਹੈ-ਸਿਵਲ ਸਰਜਨ ਡਾ.ਗੁਰਮੀਤ ਲਾਲ



ਫ਼ਗਵਾੜਾ (ਸੁਸ਼ੀਲ ਸ਼ਰਮਾ) ਸਿਹਤ ਵਿਭਾਗ ਜਲੰਧਰ ਵੱਲੋਂ ਸਿਵਲ ਸਰਜਨ ਡਾ.ਗੁਰਮੀਤ ਲਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜਿਲ੍ਹਾ ਟੀਕਾਕਰਨ ਅਫਸਰ ਡਾ. ਰਾਕੇਸ਼ ਚੌਪੜਾ ਦੀ ਦੇਖਰੇਖ ਵਿੱਚ 25 ਨਵੰਬਰ ਤੋਂ 30 ਨਵੰਬਰ ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਗਿਆ।ਸਿਵਲ ਸਰਜਨ ਡਾ.ਗੁਰਮੀਤ ਲਾਲ ਨੇ ਦੱਸਿਆ ਕਿ ਇਸ ਵਿਸ਼ੇਸ਼ ਹਫਤੇ ਦੌਰਾਨ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਕੈਂਪ ਲਗਾ ਕੇ ਨਿਯਮਿਤ ਟੀਕਾਕਰਨ ਕਰਵਾਉਣ ਤੋਂ ਕਿਸੇ ਕਾਰਣ ਵਾਂਝੇ ਰਹਿ ਗਏ ਨਵ-ਜਨਮੇ ਤੋਂ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਮੁਹਿੰਮ ਦਾ ਮੰਤਵ 100 ਫੀਸਦੀ ਰੁਟੀਨ ਟੀਕਾਕਰਨ ਨੂੰ ਯਕੀਨੀ ਬਣਾਉਣਾ ਹੈ।

ਸਿਵਲ ਸਰਜਨ ਡਾ.ਗੁਰਮੀਤ ਲਾਲ ਨੇ ਕਿਹਾ ਕਿ ਹਰ ਸਾਲ ਲੱਖਾਂ ਬੱਚਿਆਂ ਦੀਆਂ ਕਈ ਗੰਭੀਰ ਬਿਮਾਰੀਆਂ ਦੇ ਕਾਰਨ ਮੌਤ ਹੋ ਜਾਂਦੀ ਹੈ,ਜਿਨ੍ਹਾਂ ਨੂੰ ਉਪਲਬਧ ਟੀਕਿਆਂ ਨਾਲ ਰੋਕਿਆ ਜਾ ਸਕਦਾ ਹੈ। ਜਿਹੜੇ ਬੱਚੇ ਸੰਪੂਰਨ ਟੀਕਾਕ੍ਰਿਤ ਹਨ,ਉਨ੍ਹਾਂ ਦੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵੱਧ ਜਾਂਦੀ ਹੈ ਅਤੇ ਉਹ ਖਤਰਨਾਕ ਬਿਮਾਰੀਆਂ ਤੋਂ ਸੁਰੱਖਿਅਤ ਰਹਿੰਦੇ ਹਨ। ਉਨ੍ਹਾ ਕਿਹਾ ਹਰੇਕ ਬੱਚੇ ਨੂੰ ਅਤੇ ਗਰਭਵਤੀ ਔਰਤ ਨੂੰ ਟੀਕਾਕ੍ਰਿਤ ਹੋਣ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਟੀਕਾਕਰਣ ਵਿਭਿੰਨ ਗੰਭੀਰ ਬਿਮਾਰੀਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।ਸਿਵਲ ਸਰਜਨ ਨੇ ਕਿਹਾ ਕਿ ਸਿਹਤ ਵਿਭਾਗ ਲੋਕਾਂ ਤੱਕ ਬਿਹਤਰ ਸਿਹਤ ਸੇਵਾਵਾਂ ਪਹੁੰਚਾਉਣ ਲਈ ਵਚਨਬੱਧ ਤੇ ਨਿਰੰਤਰ ਯਤਨਸ਼ੀਲ ਹੈ ਅਤੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ।

ਜਿਲ੍ਹਾ ਟੀਕਾਕਰਨ ਅਫਸਰ ਡਾ.ਰਾਕੇਸ਼ ਚੌਪੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਹਾਈ ਰਿਸਕ ਖੇਤਰ,ਸਲੱਮ ਖੇਤਰ, ਮਾਈਗ੍ਰੇਟਰੀ ਆਬਾਦੀ, ਝੁੱਗੀਆਂ-ਝੌਂਪੜੀਆਂ,ਭੱਠੇ,ਖਾਲੀ ਸਬ ਸੈਂਟਰਾਂ ਜਿੱਥੇ 2 ਜਾਂ 3 ਨਿਯਮਿਤ ਟੀਕਾਕਰਨ ਸੈਸ਼ਨ ਨਾ ਹੋਏ ਹੋਣ,ਪਹੁੰਚ ਤੋਂ ਦੂਰ ਆਬਾਦੀ, ਆਊਟਬ੍ਰੇਕ ਵਾਲੀ ਆਬਾਦੀ ਦੇ ਖੇਤਰ ਕਵਰ ਕੀਤੇ ਗਏ।ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਹਫਤੇ ਦੌਰਾਨ ਜਿਲ੍ਹੇ ਭਰ ਵਿੱਚ ਸਿਹਤ ਵਿਭਾਗ ਵੱਲੋਂ 294 ਟੀਕਾਕਰਨ ਕੈਂਪ ਲਗਾਏ ਗਏ। ਉਨਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਜਿਲ੍ਹੇ ਭਰ ਵਿੱਚ ਕੁੱਲ 5102 ਬੱਚਿਆਂ ਅਤੇ 617 ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ।

# ਸਾਂਸਦ ਔਜਲਾ ਨੇ 9 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਉਦਘਾਟਨ ਕੀਤਾ

ਫ਼ਗਵਾੜਾ (ਸੁਸ਼ੀਲ ਸ਼ਰਮਾ) ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੱਜ ਹਲਕਾ ਮਜੀਠਾ ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ 9 ਕਰੋੜ 2 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਕਰੀਬ 9 ਕਿਲੋਮੀਟਰ ਸੜਕ ਦਾ ਉਦਘਾਟਨ ਕੀਤਾ। ਇਹ ਸੜਕ ਤਲਵੰਡੀ ਤੋਂ ਹਮਜਾ ਰੋਡ ਤੋਂ ਮਜੀਠਾ ਵਾਇਆ ਬੇਗੇਵਾਲ ਤੱਕ ਬਣਾਈ ਜਾ ਰਹੀ ਹੈ।



ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਜਦੋਂ ਵੀ ਇਸ ਇਲਾਕੇ ਵਿੱਚ ਆਉਂਦੇ ਸਨ ਤਾਂ ਉਨ੍ਹਾਂ ਵੱਲੋਂ ਇਸ ਸੜਕ ਨੂੰ ਬਣਾਉਣ ਦੀ ਹਮੇਸ਼ਾ ਮੰਗ ਕੀਤੀ ਜਾਂਦੀ ਸੀ, ਜਿਸ ਨੂੰ ਉਨ੍ਹਾਂ ਨੇ ਪੂਰਾ ਕਰ ਦਿੱਤਾ,ਅੱਜ ਇਸ ਸੜਕ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਨਵੰਬਰ ਮਹੀਨੇ ਵਿੱਚ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਕਹਿੰਦੇ ਰਹੇ ਹਨ ਕਿ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਕੰਮ ਉਨ੍ਹਾਂ ਦੀ ਜ਼ਿੰਮੇਵਾਰੀ ਹੈ,ਇਸ ਲਈ ਉਹ ਹਮੇਸ਼ਾ ਹਾਜ਼ਰ ਹਨ ਅਤੇ ਜੋ ਕੰਮ ਰਾਜ ਸਰਕਾਰ ਦੇ ਅਧੀਨ ਆਉਂਦੇ ਹਨ,ਉਨ੍ਹਾਂ ਨੂੰ ਰਾਜ ਸਰਕਾਰ ਤੱਕ ਪਹੁੰਚਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਸੜਕ ਦੀ ਨਿਗਰਾਨੀ ਮੰਡੀ ਬੋਰਡ ਵੱਲੋਂ ਕੀਤੀ ਜਾਵੇਗੀ ਅਤੇ ਉਨ੍ਹਾਂ ਨੇ ਠੇਕੇਦਾਰ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਸੜਕ ਵਧੀਆ ਕੁਆਲਿਟੀ ਦੀ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਇੱਕ ਰੁਪਏ ਦਾ ਵੀ ਭ੍ਰਿਸ਼ਟਾਚਾਰ ਨਹੀਂ ਹੋਣਾ ਚਾਹੀਦਾ। ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਉਹ ਖੁਦ ਇਸ ਦੀ ਸਮੇਂ-ਸਮੇਂ ਤੇ ਜਾਂਚ ਕਰਵਾਉਣਗੇ ਕਿਉਂਕਿ ਇਹ ਜਨਤਾ ਦਾ ਪੈਸਾ ਹੈ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਰੇ ਸੀਨੀਅਰ ਆਗੂ ਉਨ੍ਹਾਂ ਦੇ ਨਾਲ ਮੌਜੂਦ ਹਨ ਅਤੇ ਇਸ ਸੜਕ ਨੂੰ ਬਣਾਉਣ ਬਾਰੇ ਹਮੇਸ਼ਾ ਚਰਚਾ ਹੁੰਦੀ ਰਹੀ ਹੈ।

ਇਸ ਦੌਰਾਨ ਉਥੋਂ ਦੇ ਲੋਕਾਂ ਵੱਲੋਂ ਮੰਗ ਕੀਤੀ ਗਈ ਕਿ ਹਲਕਾ ਮਜੀਠਾ ਦੀਆਂ ਲਗਭਗ ਸਾਰੀਆਂ ਸੜਕਾਂ ਛੋਟੀਆਂ ਹਨ,ਜਿਸ ਦਾ ਜਵਾਬ ਦਿੰਦਿਆਂ ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਕੋਈ ਮੰਗ ਆਉਂਦੀ ਹੈ ਤਾਂ ਉਹ ਇਸ ਤੇ ਕੰਮ ਕਰਵਾਉਂਦੇ ਹਨ। ਅਤੇ ਕਈ ਵਾਰ ਇਲਾਕਾ ਵੱਡਾ ਹੋਣ ਕਾਰਨ ਮੰਗਾਂ ਨਹੀਂ ਆਉਂਦੀਆਂ ਜਿਸ ਕਾਰਨ ਪੈਂਡਿੰਗ ਕੰਮ ਦੀ ਜਾਣਕਾਰੀ ਨਹੀਂ ਮਿਲਦੀ। ਇਸ ਲਈ ਉਹ ਇਸ ਮੰਗ ਨੂੰ ਲੈ ਕੇ ਹਲਕਾ ਵਿਧਾਇਕ ਨੂੰ ਬੇਨਤੀ ਕਰਦੇ ਹਨ ਕਿ ਉਹ ਇਸ ਮੰਗ ਨੂੰ ਪ੍ਰਵਾਨ ਕਰਕੇ ਉਨ੍ਹਾਂ ਨੂੰ ਭੇਜ ਦੇਣ ਅਤੇ ਪ੍ਰਧਾਨ ਮੰਤਰੀ ਸੜਕ ਗ੍ਰਾਮ ਯੋਜਨਾ ਤਹਿਤ ਇਸ ਦਾ ਨਿਰਮਾਣ ਕਰਵਾ ਦੇਣਗੇ। ਉਨ੍ਹਾਂ ਕਿਹਾ ਕਿ ਉਹ ਸਾਰੇ ਆਗੂਆਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਆਪਣੇ ਇਲਾਕੇ ਦੇ ਸਾਰੇ ਪੈਂਡਿੰਗ ਕੰਮਾਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਉਣ ਅਤੇ ਇਸ ਤੋਂ ਬਾਅਦ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੇਂਦਰ ਸਰਕਾਰ ਤੋਂ ਕੰਮ ਮੁਕੰਮਲ ਕਰਵਾ ਕੇ ਇਸ ਲਈ ਫੰਡ ਲਿਆਉਣ। ਇਸ ਮੌਕੇ ਸਾਬਕਾ ਦਿਹਾਤੀ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ,ਪਰਮਦੀਪ ਸਿੰਘ ਪੰਮਾ ਪ੍ਰਧਾਨ ਮਜੀਠਾ,ਜਗਦੀਪ ਸਿੰਘ ਗੋਗਾ ਮਜੀਠਾ,ਸਰਪੰਚ ਰਣਦੀਪ ਸਿੰਘ ਮਾੜੀ,ਸਰਪੰਚ ਸਵਰਨ ਸਿੰਘ ਕਾਲਾ ਰਾਮ ਦਿਵਾਲੀ ਹਿੰਦੂ, ਇਕਬਾਲ ਸਿੰਘ ਬਾਠ ਭੀਲੋਵਾਲ,ਸਰਪੰਚ ਨਿਸ਼ਾਨ ਸਿੰਘ,ਸਰਪੰਚ ਲਖਵਿੰਦਰ ਸਿੰਘ ਬੇਗੇਵਾਲ,ਸ.ਮੈਂਬਰ ਗੁਰਜੀਤ ਸਿੰਘ ਬਿੱਲਾ ਨਾਗ ਕਲਾਂ,ਸਬਕਾ ਸਰਪੰਚ ਸਰਦੂਲ ਪਾਲ ਕੁਲੀਆਂ, ਬਲਾਕ ਪ੍ਰਧਾਨ ਸ.ਨਵਤੇਜ ਸਿੰਘ ਸੋਹੀਆ, ਨਵਦੀਪ ਸਿੰਘ ਸੋਹਨਾ ਕਾਂਗਰਸ ਸ਼ਹਿਰੀ ਪ੍ਰਧਾਨ ਮਜੀਠਾ ਆਦਿ ਹਾਜ਼ਰ ਸਨ।

# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਕੈਂਪ ਲਗਾ ਕੇ ਸਕੂਲ ਦੇ 250 ਬੱਚਿਆਂ ਦੇ ਦੰਦਾਂ ਦਾ ਕਰਵਾਇਆ ਚੈਕਅੱਪ



ਖਰੜ, (ਕਾਲਾ ਸਿੰਘ ਸੈਣੀ )- ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਸਿਵਲ ਹਸਪਤਾਲ ਖਰੜ ਦੇ ਸਹਿਯੋਗ ਨਾਲ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਸਕੂਲ ਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਨ ਲਈ ਕੈਂਪ ਲਗਾਇਆ ਗਿਆ। ਕਲੱਬ ਦੇ ਪ੍ਰੋਜੈਕਟ ਚੇਅਰਮੈਨ ਸਾਹਿਲ ਕੋਹਲੀ ਨੇ ਦਸਿਆ ਕਿ ਇਸ ਕੈਂਪ ਵਿਚ ਸਿਵਲ ਹਸਪਤਾਲ ਖਰੜ ਦੇ ਦੰਦਾਂ ਦੇ ਮਾਹਿਰ ਡਾ.ਅਮਨਦੀਪ ਕੌਰ, ਡਾ. ਹਰਨੀਤ ਕੌਰ, ਡਾ. ਕੀਰਤੀ ਅਤੇ ਸਹਾਇਕ ਸਤਵੰਤ ਸਿੰਘ ਦੀ ਅਗਵਾਈ ਵਾਲੀ ਟੀਮ ਵਲੋਂ ਸਕੂਲ ਦੇ 250 ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਜਿਹੜੇ ਵਿਦਿਆਰਥੀਆਂ ਦੇ ਦੰਦ ਵੀਂਗੇ ਟੇਢੇ, ਕੀੜਾ ਲੱਗਾ ਹੋਇਆ ਹੈ, ਉਨਾਂ ਦੀ ਭਰਾਈ ਕੀਤੀ ਜਾਣੀ ਹੈ, ਉਨਾਂ ਨੂੰ ਸਿਵਲ ਹਸਪਤਾਲ ਖਰੜ ਵਿਖੇ ਬੁਲਾਇਆ ਗਿਆ ਹੈ ਅਤੇ ਕੈਂਪ ਵਿਚ 250 ਬੱਚਿਆਂ ਨੂੰ ਬੁਰਸ਼ ਅਤੇ ਪੇਸਟ ਵੀ ਦਿੱਤਾ ਗਿਆ ਹੈ ਅਤੇ ਇਸ ਕੈਂਪ ਵਿਚ ਬਾਂਸਲ ਇਨਫਰਾਸਟੱਕਰਜ਼ ਪ੍ਰਾਈਵੇਟ ਲਿਮਟਿਡ ਦੇ ਐਮ.ਡੀ. ਮਾਨਵ ਬਾਂਸਲ ਵਲੋਂ ਵੀ ਸਹਿਯੋਗ ਦਿੱਤਾ ਗਿਆ। ਉਨਾਂ ਦਸਿਆ ਕਿ ਇਸ ਤਰਾਂ ਦੇ ਕੈਂਪ ਹੋਰ ਥਾਵਾਂ ਤੇ ਵੀ ਲਗਾਏ ਜਾਣਗੇ। ਇਸ ਮੌਕੇ ਸਕੂਲ ਪ੍ਰਿੰਸੀਪਲ ਮਨਜੀਤ ਕੌਰ, ਰਸ਼ਪਿੰਦਰ ਕੌਰ, ਨੀਤੂ ਗੋਇਲ, ਰਾਜਿੰਦਰ ਬਾਂਸਲ, ਕਲੱਬ ਦੇ ਪ੍ਰਧਾਨ ਪੰਕਜ ਚੱਢਾ, ਸਕੱਤਰ ਪਰਮਪ੍ਰੀਤ ਸਿੰਘ, ਗੁਰਮੁੱਖ ਸਿੰਘ ਮਾਨ, ਸੰਜੀਵ ਕੁਮਾਰ ਗਰਗ, ਮਨਿੰਦਰ ਸਿੰਘ ਸਮੇਤ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

# ਜੇਸੀਟੀ ਮਿੱਲ ਮਜਦੂਰਾਂ ਨੇ ਬਿਜਲੀ ਅਤੇ ਪਾਣੀ ਦੀ ਸਪਲਾਈ ਠੱਪ ਹੋਣ ਦੇ ਵਿਰੋਧ 'ਚ ਕੀਤਾ ਜੋਰਦਾਰ ਰੋਸ ਮੁਜਾਹਰਾ



ਫਗਵਾੜਾ ( ਸੁਸ਼ੀਲ ਸ਼ਰਮਾ ) ਜੇ.ਸੀ.ਟੀ ਮਿੱਲ ਦੇ ਮਜਦੂਰਾਂ ਨੇ ਅੱਜ ਮਿੱਲ ਅੰਦਰਲੀ ਕਲੋਨੀ ਨੂੰ ਬਿਜਲੀ ਸਪਲਾਈ ਕੱਟੇ ਜਾਣ ਦੇ ਵਿਰੋਧ ਵਿੱਚ ਜਬਰਦਸਤ ਰੋਸ ਮੁਜਾਹਰਾ ਕੀਤਾ। ਯੂਨੀਅਨ ਦੇ ਚੇਅਰਮੈਨ ਸੁਨੀਲ ਪਾਂਡੇ ਅਤੇ ਪ੍ਰਧਾਨ ਰਵੀ ਸਿੱਧੂ ਦੀ ਅਗਵਾਈ ਹੇਠ ਹਜ਼ਾਰਾਂ ਮਜ਼ਦੂਰ ਮਿੱਲ ਦੇ ਮੁੱਖ ਗੇਟ 'ਤੇ ਇਕੱਠੇ ਹੋਏ, ਸ਼ਿਵ ਸੈਨਾ (ਯੂਬੀਟੀ) ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਅਤੇ ਸਾਬਕਾ ਮਹਿਲਾ ਕੌਂਸਲਰ ਤ੍ਰਿਪਤਾ ਸ਼ਰਮਾ ਵੀ ਮਜ਼ਦੂਰਾਂ ਦੇ ਸਮਰਥਨ ਵਿੱਚ ਪੁੱਜੇ। ਯੂਨੀਅਨ ਦੇ ਪ੍ਰਧਾਨ ਰਵੀ ਸਿੱਧੂ ਨੇ ਦੱਸਿਆ ਕਿ ਥਾਪਰ ਕਲੋਨੀ ਦੀ ਆਬਾਦੀ ਚਾਰ ਹਜ਼ਾਰ ਦੇ ਕਰੀਬ ਹੈ ਅਤੇ ਜੇਸੀਟੀ ਮਿੱਲ ਫਗਵਾੜਾ ਵਿੱਚ ਕਰੀਬ 25 ਸਾਲਾਂ ਤੋਂ ਮਜ਼ਦੂਰ ਕੰਮ ਕਰ ਰਹੇ ਹਨ। ਹੁਣ ਦੂਜੀ ਵਾਰ ਥਾਪਰ ਕਲੋਨੀ ਨੂੰ ਬਿਜਲੀ ਸਪਲਾਈ ਬੰਦ ਕੀਤੀ ਗਈ ਹੈ, ਜਿਸ ਕਾਰਨ ਬਜ਼ੁਰਗਾਂ ਤੇ ਬੱਚਿਆਂ ਨੂੰ ਬਿਜਲੀ ਤੇ ਪਾਣੀ ਨਹੀਂ ਮਿਲ ਰਿਹਾ। ਲੋਕ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਪਾਵਰਕਾਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਿਜਲੀ ਦੇ ਕਰੋੜਾਂ ਰੁਪਏ ਦੇ ਬਿੱਲ ਬਕਾਇਆ ਹਨ ਪਰ ਮਿੱਲ ਮਾਲਕਾਂ ਨੂੰ ਸਪਲਾਈ ਕੱਟੇ ਜਾਣ ਨਾਲ ਕੋਈ ਫਰਕ ਨਹੀਂ ਜਦਕਿ ਮਜ਼ਦੂਰ ਪ੍ਰੇਸ਼ਾਨ ਹੋ ਰਹੇ ਹਨ। ਮਿੱਲ ਮਾਲਕਾਂ ਵੱਲੋਂ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿੱਚੋਂ ਬਿਜਲੀ ਬਿੱਲ ਦੇ ਪੈਸੇ ਕੱਟੇ ਜਾਣ ਕਾਰਨ ਉਨ੍ਹਾਂ ਦਾ ਕੋਈ ਬਿਜਲੀ ਦਾ ਬਕਾਇਆ ਨਹੀਂ ਹੈ। ਸਵੇਰੇ ਕਰੀਬ 10 ਵਜੇ ਸ਼ੁਰੂ ਹੋਇਆ ਇਹ ਧਰਨਾ ਸ਼ਾਮ 4 ਵਜੇ ਤੋਂ ਬਾਅਦ ਉਸ ਸਮੇਂ ਸਮਾਪਤ ਹੋਇਆ ਜਦੋਂ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਨੇ ਮਿੱਲ ਦੇ ਮੁੱਖ ਗੇਟ ਨੂੰ ਤਾਲਾ ਲਾ ਦਿੱਤਾ ਅਤੇ ਯੂਨੀਅਨ ਨੇ ਮਿੱਲ ਮਾਲਕਾਂ ਨੂੰ ਬਿਜਲੀ ਤੁਰੰਤ ਬਹਾਲ ਕਰਨ ਦੀ ਮੰਗ ਕਰਨ ਦੇ ਨਾਲ ਬਕਾਏ ਦੀ ਪੂਰੀ ਅਤੇ ਅੰਤਿਮ ਅਦਾਇਗੀ ਕਰਨ ਲਈ 10 ਦਿਨਾਂ ਦਾ ਅਲਟੀਮੈਟਮ ਦਿੱਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਪੁਲੀਸ ਫੋਰਸ ਮੌਕੇ ਤੇ ਮੌਜੂਦ ਰਹੀ। ਇਸ ਦੌਰਾਨ ਸ਼ਿਵ ਸੈਨਾ ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਪੁਲੀਸ 'ਤੇ ਮਿੱਲ ਮਾਲਕ ਸਮੀਰ ਥਾਪਰ ਦਾ ਪੱਖ ਪੂਰਣ ਦਾ ਦੋਸ਼ ਲਾਇਆ। ਯੂਨੀਅਨ ਦੇ ਪ੍ਰਧਾਨ ਰਵੀ ਸਿੱਧੂ ਨੇ ਕਿਹਾ ਕਿ ਜੇਕਰ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਜਿਸ ਤਰ੍ਹਾਂ ਮਿੱਲ ਦੇ ਗੇਟ ਨੂੰ ਤਾਲਾ ਲਗਾਇਆ ਗਿਆ ਹੈ, ਉਸੇ ਤਰ੍ਹਾਂ ਪਾਵਰਕਾਮ ਸਮੇਤ ਹੋਰ ਸਰਕਾਰੀ ਦਫ਼ਤਰਾਂ ਨੂੰ ਵੀ ਤਾਲਾ ਲਗਾਇਆ ਜਾਵੇਗਾ। ਇਸ ਮੌਕੇ ਯੂਨੀਅਨ ਦੇ ਮੀਤ ਪ੍ਰਧਾਨ ਸ਼ਰਧਾਨੰਦ ਸਿੰਘ, ਨਵਲ ਕਿਸ਼ੋਰ ਸਿੰਘ ਜਨਰਲ ਸਕੱਤਰ, ਅਨਿਲ ਮਿਸ਼ਰਾ ਸਕੱਤਰ, ਧਰਮਿੰਦਰ ਸਿੰਘ ਕੈਸ਼ੀਅਰ, ਮਦਨ ਕੁਮਾਰ ਮਿਸ਼ਰਾ ਮੀਡੀਆ ਇੰਚਾਰਜ ਤੋਂ ਇਲਾਵਾ ਤਰੁਣ ਸ਼ਰਮਾ ਲੱਕੀ, ਜਸਵੀਰ ਜੱਸੀ, ਰਾਮ ਈਸ਼ਵਰ ਕੁਮਾਰ, ਜਤਿੰਦਰ ਕੁਮਾਰ, ਰਾਮ ਭਰੋਸੇ ਯਾਦਵ, ਸੰਤੋਸ਼ ਕੁਮਾਰ, ਸਾਗਰ ਸ਼ਰਮਾ, ਬੱਚੂ ਸਿੰਘ, ਸੰਤੋਸ਼ ਪਾਂਡੇ, ਰਜਿੰਦਰ ਯਾਦਵ, ਸਤਿਆਨਾਰਾਇਣ ਸਿੰਘ, ਸੀਟੀਬੀਐਮਸੀ ਦੇ ਪ੍ਰਧਾਨ ਅਜੈ ਯਾਦਵ, ਜਨਰਲ ਸਕੱਤਰ ਹਰਿੰਦਰ ਪ੍ਰਤਾਪ ਸਿੰਘ, ਹਰੀਸ਼ਚੰਦਰ ਯਾਦਵ, ਗਮ ਯਾਦਵ, ਉਮੇਸ਼ ਗਿਰੀ, ਰਾਮਰੀਕੀ, ਰੋਸ਼ਨ ਲਾਲ, ਸ਼ਤਰੂਘਨ ਸ਼ਾਹ, ਪੁਸ਼ਪਾ ਦੇਵੀ, ਗੀਤਾ ਤਿਵਾੜੀ, ਰਿਧੀ ਦੇਵੀ ਸਮੇਤ ਵੱਡੀ ਗਿਣਤੀ ਵਿੱਚ ਮਿੱਲ ਮਜਦੂਰ ਹਾਜ਼ਰ ਸਨ।

ਤਸਵੀਰ ਸਮੇਤ।

# ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਦੇ ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਜਮਾਤਾਂ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ

ਚੰਡੀਗੜ੍ਹ। (ਲੋਕ ਬਾਣੀ) ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਐੱਮ.ਡੀ.ਏ.ਵੀ. ਭਵਨ, ਦਰੀਆ, ਚੰਡੀਗੜ੍ਹ ਦੇ ਪ੍ਰੀ ਪ੍ਰਾਇਮਰੀ ਅਤੇ ਪ੍ਰਾਇਮਰੀ ਜਮਾਤਾਂ ਦਾ ਸਾਲਾਨਾ ਸਮਾਗਮ ਬੜੀ ਧੂਮਧਾਮ ਨਾਲ ਸੰਪੰਨ ਹੋਇਆ। ਪ੍ਰੋਗਰਾਮ ਦਾ ਉਦਘਾਟਨ ਅਮਰੀਕਾ ਦੇ ਸ਼ਿਕਾਗੋ ਤੋਂ ਆਈ ਐਨਆਰਆਈ ਸੁਦਰਸ਼ਨ ਗਰਗ ਅਤੇ ਇਲਾਕਾ ਕੌਂਸਲਰ ਬਿਮਲਾ ਦੂਬੇ ਨੇ ਕੀਤਾ। ਮੁੱਖ ਮਹਿਮਾਨ ਵਜੋਂ ਹਾਜ਼ਰ ਐਨਆਰਆਈ ਸੁਦਰਸ਼ਨ ਗਰਗ ਨੇ ਕਿਹਾ ਕਿ ਪੜ੍ਹਾਈ ਤਣਾਅ ਨਾਲ ਨਹੀਂ ਕਰਨੀ ਚਾਹੀਦੀ ਸਗੋਂ ਸਿੱਖਣ ਦੀ ਭਾਵਨਾ ਨਾਲ ਪ੍ਰੇਰਿਤ ਹੋਣਾ ਚਾਹੀਦਾ ਹੈ। ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਸੁਚੇਤ ਰਹਿਣ ਲਈ ਮਨ ਦੀ ਮੌਜੂਦਗੀ ਜ਼ਰੂਰੀ ਹੈ। ਗਿਆਨ ਦੁਆਰਾ ਮਨੁੱਖ ਉਚਾਈਆਂ ਵੱਲ ਵਧਦਾ ਹੈ। ਜ਼ਿੰਦਗੀ ਨੂੰ ਹੱਸ ਕੇ ਜੀਣਾ ਚਾਹੀਦਾ ਹੈ। ਅਨੁਸ਼ਾਸਨ ਕਾਇਮ ਰੱਖਦੇ ਹੋਏ ਛੋਟਿਆਂ ਨੂੰ ਪਿਆਰ ਕਰਨਾ ਅਤੇ ਵੱਡਿਆਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਸਿੱਖਿਆ ਜਿਉਣ ਦੀ ਕਲਾ ਸਿਖਾਉਂਦੀ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵਾਂਗ ਸਕੂਲ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਗੈਸਟ ਆਫ ਓਨਰ ਬਤੌਰ ਮੌਜੂਦ ਬਿਮਲਾ ਦੂਬੇ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਸਕੂਲ ਵੱਲੋਂ ਪੇਂਡੂ ਖੇਤਰਾਂ ਵਿੱਚ ਸਿੱਖਿਆ ਦੇ ਪਸਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਮਾਪਿਆਂ ਦੀ ਵੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਲਈ ਸਮਾਂ ਕੱਢਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਵੀ ਆਪਣੇ ਫਰਜ਼ਾਂ ਨੂੰ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਨੂੰ ਵੀ ਆਲਸ ਛੱਡ ਕੇ ਆਪਣਾ ਕੰਮ ਆਪ ਕਰਨਾ ਚਾਹੀਦਾ ਹੈ।



ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਲਗਨ ਅਤੇ ਆਤਮ ਵਿਸ਼ਵਾਸ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਪੇਂਡੂ ਖੇਤਰਾਂ ਵਿੱਚ ਸਿੱਖਿਆ ਦੇ ਵਿਕਾਸ ਲਈ ਸ਼ਲਾਘਾਯੋਗ ਕੰਮ ਕਰਨ ਵਾਲੇ ਐਨਆਰਆਈ ਸੁਦਰਸ਼ਨ ਗਰਗ ਅਤੇ ਬਿਮਲਾ ਦੂਬੇ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੇ ਰੰਗ-ਬਿਰੰਗੀਆਂ ਪੋਸ਼ਾਕਾਂ ਵਿੱਚ ਸਜੇ ਵੱਖ-ਵੱਖ ਗੀਤਾਂ ਤੇ ਮਨਮੋਹਕ ਪੇਸ਼ਕਾਰੀਆਂ ਦਿੱਤੀਆਂ। ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਨੇ ਵਾਤਾਵਰਨ ਦੇ ਅਸੰਤੁਲਨ ਤੇ ਚਿੰਤਾ ਪ੍ਰਗਟ ਕਰਦਿਆਂ ਨਾਟਕ ਰਾਹੀਂ ਸੰਦੇਸ਼ ਦਿੱਤਾ ਕਿ ਰੁੱਖਾਂ ਨੂੰ ਕੱਟਣਾ ਨਹੀਂ ਚਾਹੀਦਾ ਸਗੋਂ ਵੱਧ ਤੋਂ ਵੱਧ ਮਾਤਰਾ ਵਿੱਚ ਲਾਉਣਾ ਚਾਹੀਦਾ ਹੈ। ਛੋਟੇ-ਛੋਟੇ ਬੱਚਿਆਂ ਨੇ ਮਾਂ ਦੇ ਗੀਤ ਤੇ ਡਾਂਸ ਕਰਕੇ ਸਭ ਨੂੰ ਮੋਹ ਲਿਆ। ਸਕੂਲ ਦੇ ਪਿ੍ਸੀਪਲ ਡਾ: ਵਿਨੋਦ ਕੁਮਾਰ ਸ਼ਰਮਾ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਆਏ ਹੋਏ ਮਹਿਮਾਨਾਂ ਅਤੇ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ । ਉਨ੍ਹਾਂ ਕਿਹਾ ਕਿ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਮਿਹਨਤ, ਸਬਰ, ਸੱਚਾਈ, ਇਮਾਨਦਾਰੀ ਆਦਿ ਗੁਣ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਦਾ ਪੜ੍ਹਾਉਣ ਦਾ ਢੰਗ ਹੋਰ ਪੇਂਡੂ ਵਿੱਦਿਅਕ ਅਦਾਰਿਆਂ ਨਾਲੋਂ ਬਿਲਕੁਲ ਵੱਖਰਾ ਹੈ। ਸਿਧਾਂਤਕ ਅਧਿਐਨ ਦੇ ਨਾਲ-ਨਾਲ ਵਿਹਾਰਕ ਅਧਿਐਨ ਤੇ ਵੀ ਜ਼ੋਰ ਦਿੱਤਾ ਜਾਂਦਾ ਹੈ। ਉਨ੍ਹਾਂ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਲਈ ਵਧਾਈ ਦਿੱਤੀ। ਸਟੇਜ ਦਾ ਸੰਚਾਲਨ ਸਕੂਲ ਦੀਆਂ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਨੇ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਭੰਗੜੇ ਨੇ ਸਾਰਿਆਂ ਨੂੰ ਨੱਚਣ ਨੂੰ ਮਜਬੂਰ ਕਰ ਦਿੱਤਾ ।

# ਸਰਬ ਨੌਜਵਾਨ ਸਭਾ ਅਤੇ ਨਹਿਰੂ ਯੁਵਾ ਕੇਂਦਰ ਨੇ ਮਨਾਇਆ ਵਿਸ਼ਵ ਏਡਜ਼ ਦਿਵਸ



ਫਗਵਾੜਾ ( ਸੁਸ਼ੀਲ ਸ਼ਰਮਾ ) ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ ਚੰਡੀਗੜ੍ਹ ਅਤੇ ਜ਼ਿਲਾ ਯੂਥ ਅਫ਼ਸਰ ਮੈਡਮ ਗਗਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਹਿਰੂ ਯੂਵਾ ਕੇਂਦਰ ਕਪੂਰਥਲਾ ਦੇ ਸਹਿਯੋਗ ਨਾਲ ਵਿਸ਼ਵ ਏਡਜ਼ ਦਿਵਸ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਿਵਲ ਹਸਪਤਾਲ ਫਗਵਾੜਾ ਵਿਖੇ ਮਨਾਇਆ ਗਿਆ। ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸੀ.ਐਮ.ਓ. ਫਾਜਿਲਕਾ ਡਾ. ਲਹਿੰਬਰ ਰਾਮ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਡਾ. ਬਲਰਾਜ ਕੌਰ ਨੇ ਸ਼ਿਰਕਤ ਕੀਤੀ। ਮੁੱਖ ਬੁਲਾਰੇ ਵਜੋਂ ਪਹੁੰਚੇ ਕਾਉਂਸਲਰ ਏਡਜ਼ ਮਲਕੀਤ ਰਾਮ ਨੇ ਹਾਜ਼ਰੀਨ ਨੂੰ ਏਡਜ ਦੇ ਲੱਛਣਾਂ ਅਤੇ ਇਸ ਤੋਂ ਬਚਾਅ ਲਈ ਜ਼ਰੂਰੀ ਸਾਵਧਾਨੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਇਹ ਬੀਮਾਰੀ ਖ਼ੂਨ ਰਾਹੀਂ ਸਰਿੰਜ਼ ਲਗਾਉਣ ਨਾਲ, ਜਾਂ ਸਰੀਰਕ ਮਿਲਾਪ ਰਾਹੀਂ ਫੈਲਦੀ ਹੈ। ਇਸ ਲਈ ਖਾਸ ਤੌਰ ਤੇ ਅਜਿਹੇ ਲੋਕਾਂ ਨੂੰ ਇਸ ਬੀਮਾਰੀ ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਜਿਹਨਾ ਵਿੱਚ ਇਸ ਬੀਮਾਰੀ ਦੇ ਲਛਣ ਨਜ਼ਰ ਆ ਰਹੇ ਹੋਣ। ਉਹਨਾ ਨੇ ਇਹ ਵੀ ਕਿਹਾ ਕਿ ਹਰ ਮਹੀਨੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਵਿੱਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਇਜਾਫਾ ਹੋ ਰਿਹਾ ਹੈ। ਡਾ. ਲਹਿੰਬਰ ਰਾਮ ਸੀ.ਐੱਮ.ਓ ਨੇ ਸਭਾ ਅਤੇ ਕੇਂਦਰ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਏਡਜ ਵਰਗੀ ਨਾਮੁਰਾਦ ਬਿਮਾਰੀ ਤੋਂ ਬਚਾਅ ਲਈ ਸਰਬ ਨੌਜਵਾਨ ਸਭਾ ਅਤੇ ਨਹਿਰੂ ਯੂਵਾ ਕੇਂਦਰ ਦਾ ਇਹ ਉਪਰਾਲਾ ਲੋਕਾਂ ਲਈ ਬਹੁਤ ਲਾਭਦਾਇਕ ਹੈ। ਉਹਨਾ ਕਿਹਾ ਕਿ ਏਡਜ਼ ਬਹੁਤ ਹੀ ਖਤਰਨਾਕ ਅਤੇ ਮਾਰੂ ਰੋਗ ਹੈ। ਇਹ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਤਾਕਤ ਨੂੰ ਘੱਟ ਕਰ ਦਿੰਦੀ ਹੈ, ਜਿਸ ਨਾਲ ਸਰੀਰ ਵਿੱਚ ਹੋਰ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ, ਜੋ ਜਾਨਲੇਵਾ ਸਾਬਤ ਹੁੰਦੀਆਂ ਹਨ। ਉਹਨਾ ਦੱਸਿਆ ਕਿ ਭਾਰਤ ਵਿੱਚ 24 ਲੱਖ ਲੋਕ ਇਸ ਬੀਮਾਰੀ ਤੋਂ ਪੀੜਤ ਹਨ। ਇਹ ਬੀਮਾਰੀ ਖ਼ੂਨ ਨਾਲ ਦੂਸਰੇ ਲੋਕਾਂ 'ਚ ਪਹੁੰਚਦੀ ਹੈ। ਜਾਣਕਾਰੀ ਦੀ ਘਾਟ ਦੀ ਵਜ੍ਹਾ ਨਾਲ ਇਸ ਬਿਮਾਰੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਅਜਿਹੇ ਜਾਗਰੁਕਤਾ ਦੇ ਉਪਰਾਲੇ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ। ਮੰਚ ਸੰਚਾਲਕ ਦੀ ਭੂਮਿਕਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾਖ਼ੂਬੀ ਨਿਭਾਈ । ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ, ਰਮਨ ਨਹਿਰਾ, ਰਾਜ ਬਸਰਾ, ਜਗਜੀਤ ਸੇਠ ਮੈਨੇਜਰ, ਰਾਕੇਸ਼ ਕੋਛੜ, ਆਰ.ਪੀ.ਸ਼ਰਮਾ, ਸਾਹਿਬਜੀਤ ਸਾਬੀ, ਮੈਡਮ ਸਪਨਾ ਸ਼ਾਰਦਾ, ਹਰਵਿੰਦਰ ਸਿੰਘ ਐਮ.ਐਲ.ਟੀ, ਮੈਡਮ ਮੰਜੂ ਐਮ. ਐਲ. ਟੀ, ਗੁਰਸ਼ਰਨ ਬਾਸੀ , ਮੈਡਮ ਖ਼ੁਸ਼ਬੂ ਐਮ.ਐਲ.ਟੀ, ਸਟਾਫ਼ ਨਰਸ ਪਰਮਿੰਦਰ ਕੌਰ, ਸਟਾਫ਼ ਨਰਸ ਗੀਟਾ, ਮੈਡਮ ਸੁਮਨ, ਮੈਡਮ ਰਮਨ, ਮੀਨਾਕਸ਼ੀ, ਪ੍ਰੀਆ, ਮੁਸਕਾਨ, ਪਰਵੀਨ ਕੌਰ, ਮੇਘਾ, ਉਪਿੰਦਰ, ਸਾਨੀਆ, ਅੰਜਲੀ ਤੇ ਜਯੋਤੀ ਆਦਿ ਹਾਜ਼ਰ ਸਨ।

# ਕਾਨਪੁਰ: ਯੋਗੀ ਅਤੇ ਸੀਪੀ ਅਖਿਲ ਦਾ ਕਾਰਜਕਾਲ ਪੱਤਰਕਾਰੀ ਦੀ ਆੜ ਵਿੱਚ ਅਪਰਾਧਾਂ ਵਿਰੁੱਧ ਕਾਰਵਾਈ ਲਈ ਯਾਦ ਰੱਖਿਆ ਜਾਵੇਗਾ।

ਕਾਨਪੁਰ (ਸੁਨੀਲ ਬਾਜਪਾਈ) ਲੰਬੇ ਸਮੇਂ ਤੋਂ ਇਸ ਮਹਾਨਗਰ ਨੂੰ ਸ਼ਰਾਰਤੀ ਮਾਨਸਿਕਤਾ ਵਾਲੇ ਲੋਕਾਂ ਨੇ ਘੇਰਿਆ ਹੋਇਆ ਹੈ ਜੋ ਆਪਣੇ ਆਪ ਨੂੰ ਪੱਤਰਕਾਰਾਂ ਅਤੇ ਵਕੀਲਾਂ ਦਾ ਭੇਸ ਬਣਾ ਕੇ ਹਰ ਤਰ੍ਹਾਂ ਦੇ ਅਪਰਾਧ ਕਰਦੇ ਹਨ। ਇਨ੍ਹਾਂ ਖ਼ਿਲਾਫ਼ ਸ਼ੁਰੂ ਕੀਤੀ ਕਮਿਸ਼ਨਰੇਟ ਪੁਲੀਸ ਦੀ ਮੁਹਿੰਮ ਇੱਥੇ ਵੀ ਜਾਰੀ ਹੈ, ਜਿਸ ਤਹਿਤ ਹੁਣ ਤੱਕ ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਅਵਨੀਸ਼ ਦੀਕਸ਼ਿਤ ਅਤੇ ਜਨਰਲ ਸਕੱਤਰ ਕੁਸ਼ਾਗਰ ਪਾਂਡੇ ਸਮੇਤ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਰਿਪੋਰਟ ਦਰਜ ਕਰਨ ਤੋਂ ਬਾਅਦ ਇੱਕ ਹੋਰ ਵਕੀਲ ਦੀ ਵੀ ਭਾਲ ਕੀਤੀ ਜਾ ਰਹੀ ਹੈ।

ਗ੍ਰਿਫਤਾਰ ਕੀਤੇ ਗਏ ਸਾਬਕਾ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਕੁਸ਼ਾਗਰ ਪਾਂਡੇ ਤੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਤੇ ਮਸ਼ਹੂਰ ਮੇਘਦੂਤ ਹੋਟਲ ਦੇ ਮਾਲਕ ਦੇ ਘਰ ਤੇ ਕਬਜ਼ਾ ਕਰਨ ਅਤੇ ਉਸ ਤੋਂ ਫਿਰੌਤੀ ਦੀ ਮੰਗ ਕਰਨ ਦਾ ਦੋਸ਼ ਹੈ।

ਦੂਜੇ ਪਾਸੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਲੋਕਾਂ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਹੈ, ਜੋ ਜ਼ਮੀਨਾਂ 'ਤੇ ਕਬਜ਼ਾ ਕਰਕੇ ਪੱਤਰਕਾਰੀ ਦੀ ਆੜ ਵਿੱਚ ਫਿਰੌਤੀ ਮੰਗ ਰਹੇ ਸਨ। ਕਈ ਦੋਸ਼ੀ ਅਜੇ ਵੀ ਫਰਾਰ ਹਨ, ਜਿਸ ਕਾਰਨ ਇਨ੍ਹਾਂ ਸਾਰੇ ਫਰਾਰ ਵਿਅਕਤੀਆਂ ਖਿਲਾਫ ਇਨਾਮ ਅਤੇ ਹੋਰ ਕਾਰਵਾਈ ਦਾ ਐਲਾਨ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਕਾਰਨ ਇਨ੍ਹਾਂ ਦੇ ਨਾਲ-ਨਾਲ ਹੋਰ ਚਿੱਟੇ ਕਾਲਰ ਮਾਫੀਆ ਅਪਰਾਧੀ ਵੀ ਕਾਫੀ ਡਰੇ ਹੋਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਨੂੰ ਹਟਾਉਣ ਲਈ ਉਹ ਲਗਾਤਾਰ ਹਰ ਸੰਭਵ ਕੋਸ਼ਿਸ਼ ਚ ਲੱਗੇ ਹੋਏ ਦੱਸੇ ਜਾਂਦੇ ਹਨ, ਪਰ ਕਾਨਪੁਰ ਦੇ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਵਰਗੇ ਕਰਮ ਯੋਗੀਆਂ ਦੀ ਯੋਗੀ ਪਰੰਪਰਾ, ਜੋ ਆਪਣੀ ਡਿਊਟੀ ਪ੍ਰਤੀ ਲਗਨ, ਇਮਾਨਦਾਰੀ ਲਈ ਜਾਣੇ ਜਾਂਦੇ ਹਨ। ਅਤੇ ਜਨਤਕ ਹਿੱਤ ਵਿੱਚ ਲੀਡਰਸ਼ਿਪ ਹੁਨਰ, ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਅਗਵਾਈ ਵਿੱਚ ਕੋਈ ਵੀ ਉਦੇਸ਼ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਚਾਹੇ ਉਹ ਪੱਤਰਕਾਰਾਂ ਅਤੇ ਵਕੀਲਾਂ ਦੇ ਰੂਪ ਵਿੱਚ ਮਾਫੀਆ ਹੋਵੇ ਜਾਂ ਕੋਈ ਹੋਰ। ਜਿੱਥੋਂ ਤੱਕ ਭੂ-ਮਾਫੀਆ ਪੱਤਰਕਾਰਾਂ ਅਤੇ ਵਕੀਲਾਂ ਵਿਰੁੱਧ ਇਸ ਸ਼ਲਾਘਾਯੋਗ ਕਾਰਵਾਈ ਦੀ ਸਮਾਜਿਕ ਅਤੇ ਰਾਸ਼ਟਰੀ ਮਹੱਤਤਾ ਦਾ ਸਬੰਧ ਹੈ। ਇਹ ਨਾ ਸਿਰਫ਼ ਭਾਰਤ ਵਿੱਚ ਸਗੋਂ ਵਿਸ਼ਵ ਪੱਧਰ ਤੇ ਵੀ ਬੇਮਿਸਾਲ ਹੈ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਵੀ ਦੇਸ਼ ਵਿੱਚ ਪੱਤਰਕਾਰੀ ਅਤੇ ਵਕਾਲਤ ਦੀ ਆੜ ਵਿੱਚ ਚਿੱਟੇ ਮਾਫ਼ੀਆ ਅਪਰਾਧੀਆਂ ਦੇ ਇੰਨੇ ਵੱਡੇ ਗਿਰੋਹ ਦਾ ਪਰਦਾਫਾਸ਼ ਨਹੀਂ ਹੋਇਆ। ਇਸ ਵਿੱਚ ਪੱਤਰਕਾਰੀ ਦੀ ਆੜ ਵਿੱਚ ਭੂਮੀ ਮਾਫੀਆ ਅਰਥਾਤ ਜ਼ਮੀਨਾਂ ਹੜੱਪਣ ਅਤੇ ਪੈਸਾ ਕਮਾਉਣ ਦਾ ਮਾਮਲਾ ਸਭ ਤੋਂ ਗੰਭੀਰ ਮੁੱਦਾ ਹੈ ਕਿਉਂਕਿ ਪੱਤਰਕਾਰੀ ਵਰਗਾ ਸ਼ਬਦ ਪੂਰੀ ਦੁਨੀਆ ਵਿੱਚ ਹਰ ਤਰ੍ਹਾਂ ਦੇ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ। ਇੰਨਾ ਹੀ ਨਹੀਂ, ਇਹ ਸਾਡੇ ਜਨਮ-ਮਰਨ ਦੇ ਨਾਲ-ਨਾਲ ਸਾਡੇ ਜੀਵਨ ਨੂੰ ਸੂਚਿਤ ਕਰਨ ਆਦਿ ਦੇ ਵਿਚਕਾਰ ਦੇ ਸਮੇਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਜੋ ਸਾਨੂੰ ਹਰ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਭੌਤਿਕ ਸੰਸਾਰ ਵਿੱਚ ਇਸਨੂੰ ਪੱਤਰਕਾਰੀ ਵਜੋਂ ਜਾਣਿਆ ਜਾਂਦਾ ਹੈ। ਜੋ ਕਿ ਨਿਰਸੰਦੇਹ ਪ੍ਰਮਾਤਮਾ ਹੈ ਕਿਉਂਕਿ ਜੇਕਰ 'ਈ'+ਸ਼ਵਰ ਦੇ ਅਨੁਸਾਰ 'ਰੱਬ' ਸ਼ਬਦ ਨੂੰ ਵੰਡਿਆ ਜਾਵੇ ਤਾਂ 'ਈ' ਦਾ ਅਰਥ ਹੈ 'ਇਹ' ਅਤੇ 'ਸ਼ਵਰ' ਦਾ ਅਰਥ ਹੈ ਉਹ ਸਾਹ ਜੋ ਇਸ ਸੰਸਾਰ ਵਿੱਚ ਸਾਡੇ ਜਿਉਂਦੇ ਰਹਿਣ ਲਈ ਜ਼ਰੂਰੀ ਹੈ . ਭਾਵ, ਇਸ ਈਸ਼ਵਰ ਦਾ ਨਿਰਾਕਾਰ ਰੂਪ, ਅੱਲ੍ਹਾ ਜਾਂ ਰੱਬ ਦਾ ਸੁਆਸ ਸੰਸਾਰ ਵਿੱਚ ਹਰ ਕਿਸੇ ਦੇ ਹੋਣ, ਕਰਨ ਅਤੇ ਬਣਨ ਦਾ ਆਧਾਰ ਹੈ। ਪ੍ਰਮਾਤਮਾ ਲਿਖਤ ਦੇ ਰੂਪ ਵਿੱਚ ਸਥੂਲ ਹੈ ਅਤੇ ਨਾ ਲਿਖਣ ਦੇ ਰੂਪ ਵਿੱਚ ਨਿਰਾਕਾਰ ਹੈ। ਪ੍ਰਮਾਤਮਾ ਸਥੂਲ ਹੈ ਕਿਉਂਕਿ, ਆਪਣੇ ਵਾਂਗ, ਉਹ (ਪਰਮਾਤਮਾ) ਅੱਖਰਾਂ ਅਤੇ ਵਾਕਾਂ ਦੇ ਬਣੇ ਸ਼ਬਦਾਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ ਜੋ ਅਮਰ, ਅਵਿਨਾਸ਼ੀ ਹਨ। – ਅਤੇ ਨਿਰਾਕਾਰ ਵੀ ਕਿਉਂਕਿ ਪੜ੍ਹਨ ਅਤੇ ਬੋਲਣ ਦੇ ਰੂਪ ਵਿੱਚ, ਉਹ (ਰੱਬ) ਸੁਣਿਆ ਜਾਂਦਾ ਹੈ ਪਰ ਦਿਖਾਈ ਨਹੀਂ ਦਿੰਦਾ। ਭਾਵ, ਪੱਤਰਕਾਰੀ ਹੀ ਨਹੀਂ, ਕਿਸੇ ਵੀ ਵਿਅਕਤੀ ਦੁਆਰਾ ਲਿਖਤ ਦੇ ਰੂਪ ਵਿੱਚ ਦਿਖਾਈ ਦੇਣ ਵਾਲਾ ਸ਼ਬਦ ਪਰਮਾਤਮਾ ਦਾ ਸਰੂਪ ਹੈ। ਅਤੇ ਜੋ ਸ਼ਬਦ ਬੋਲਣ ਜਾਂ ਪੜ੍ਹਨ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ ਉਹ ਪਰਮਾਤਮਾ ਦਾ ਨਿਰਾਕਾਰ ਰੂਪ ਹੈ। ਅਤੇ ਜਦੋਂ ਇਹੀ ਪ੍ਰਮਾਤਮਾ ਫਾਂਸੀ ਜਾਂ ਸਜ਼ਾ, ਦੋਸ਼ੀ ਜਾਂ ਨਿਰਦੋਸ਼ ਵਰਗੇ ਸ਼ਬਦਾਂ ਦੇ ਰੂਪ ਵਿੱਚ ਸਾਕਾਰ ਹੁੰਦਾ ਹੈ, ਤਾਂ ਸੰਸਾਰ ਵਿੱਚ ਕੀਤੇ ਚੰਗੇ ਅਤੇ ਮਾੜੇ ਕਰਮਾਂ ਦੇ ਅਨੁਸਾਰ, ਇਹ ਕੇਵਲ ਖੁਸ਼ੀ ਅਤੇ ਗ਼ਮੀ ਦਾ ਹੀ ਨਹੀਂ, ਸਗੋਂ ਜੀਵਨ ਅਤੇ ਮੌਤ ਦਾ ਕਾਰਨ ਵੀ ਬਣ ਜਾਂਦਾ ਹੈ। ਜੋ ਸੰਸਾਰ ਵਿੱਚ ਸਭ ਤੋਂ ਵੱਧ ਲੋਕ ਹਨ, ਸਭ ਤੋਂ ਮਹੱਤਵਪੂਰਨ ਹੈ ਪ੍ਰਮਾਤਮਾ ਦਾ ਪੱਤਰਕਾਰੀ ਰੂਪ। ਚਾਹੇ ਉਹ ਪ੍ਰਿੰਟ ਮੀਡੀਆ ਹੋਵੇ ਜਾਂ ਇਲੈਕਟ੍ਰਾਨਿਕ ਮੀਡੀਆ। ਅਤੇ ਜਦੋਂ ਕੋਈ ਆਪਣੇ ਸੁਆਰਥ ਦੀ ਪੂਰਤੀ ਲਈ ਰੱਬ, ਅੱਲ੍ਹਾ ਅਤੇ ਰੱਬ ਦੇ ਇਸ ਪੱਤਰਕਾਰੀ ਰੂਪ ਨੂੰ ਮਾਧਿਅਮ ਵਜੋਂ ਵਰਤਦਾ ਹੈ, ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਹੀ ਨਹੀਂ ਸਗੋਂ ਕਾਨਪੁਰ ਦੀ ਪੁਲਿਸ ਵੀ ਦੇਸ਼, ਸਮੇਂ ਅਤੇ ਹਾਲਾਤਾਂ ਅਨੁਸਾਰ ਅਸਲੀ ਹੈ। ਉਸੇ ਰੱਬ, ਅੱਲ੍ਹਾ ਅਤੇ ਕਮਿਸ਼ਨਰ ਦਾ ਰੂਪ ਵੀ ਅਖਿਲ ਕੁਮਾਰ ਵਰਗੇ ਲੋਕਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਜਿਨ੍ਹਾਂ ਦੀ ਇਮਾਨਦਾਰੀ ਅਤੇ ਲੋਕ ਹਿੱਤ ਵਿੱਚ ਡਿਊਟੀ ਪ੍ਰਤੀ ਦ੍ਰਿੜ ਨਿਸ਼ਠਾ ਤੋਂ ਪੈਦਾ ਹੋਈ ਹਿੰਮਤ, ਸਮਾਂ ਆਉਣ ਤੇ ਸਮਾਜ ਵਿਰੋਧੀ ਕੰਮ ਕਰਨ ਵਾਲਿਆਂ ਨੂੰ ਕਰ ਦਿੰਦੀ ਹੈ। ਅਤੇ ਰਾਸ਼ਟਰੀ ਕਾਰਜ ਉਨ੍ਹਾਂ ਦੇ ਕਰਮਾਂ ਦਾ ਫਲ ਦਿੰਦੇ ਹਨ।



ਯਾਦ ਰਹੇ ਕਿ ਭਾਰਤ ਦੇ ਇਤਿਹਾਸ ਵਿੱਚ ਹੀ ਨਹੀਂ ਸਗੋਂ ਵਿਸ਼ਵ ਪੱਤਰਕਾਰੀ ਦੇ ਇਤਿਹਾਸ ਵਿੱਚ ਇਹ ਪਹਿਲਾ ਮਾਮਲਾ ਹੈ, ਜਦੋਂ ਪੱਤਰਕਾਰੀ, ਰਾਜਨੀਤੀ ਅਤੇ ਵਕਾਲਤ ਦੀ ਆੜ ਵਿੱਚ ਹਰ ਤਰ੍ਹਾਂ ਦੇ ਅਪਰਾਧ ਕਰਨ ਵਾਲੇ ਇਸ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਗਿਆ। ਨੇ ਆਪਣੀ ਪੂਰੀ ਇਮਾਨਦਾਰੀ ਅਤੇ ਡਿਊਟੀ ਪ੍ਰਤੀ ਅਥਾਹ ਨਿਸ਼ਠਾ ਨਾਲ ਇਸ ਸਭ ਤੋਂ ਭੈੜੇ ਗਿਰੋਹ ਦਾ ਪਰਦਾਫਾਸ਼ ਕਰਕੇ ਪੱਤਰਕਾਰੀ ਵਰਗੇ ਪਵਿੱਤਰ ਕਿੱਤੇ ਦੇ ਅਕਸ ਨੂੰ ਹੋਰ ਗੰਧਲਾ ਹੋਣ ਤੋਂ ਬਚਾਉਣ ਦਾ ਵਧੀਆ ਕੰਮ ਕੀਤਾ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਘੜੂੰਆਂ ਸਰਕਲ ਪ੍ਰਧਾਨ ਹਰਪ੍ਰੀਤ ਭੰਡਾਰੀ ਆਪਣੇ ਸਾਥੀਆਂ ਸਮੇਤ 'ਆਪ' ਵਿਚ ਹੋਏ ਸ਼ਾਮਲ

ਖਰੜ, ( ਕਾਲਾ ਸਿੰਘ ਸੈਣੀ )- ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਸਰਕਲ ਘੜੂੰਆਂ ਦੇ ਪ੍ਰਧਾਨ ਹਰਪ੍ਰੀਤ ਸਿੰਘ ਭੰਡਾਰੀ ਜਿਨਾਂ ਬੀਤੇ ਕੱਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਅਹੁੱਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ ਉਹ ਅੱਜ ਆਪਣੇ ਸਾਥੀਆਂ ਸਮੇਤ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੇ ਨਾਲ-ਨਾਲ ਹੋਰ ਪ੍ਰਾਪਤੀਆਂ ਗਿਣਾਈਆਂ। ਉਨਾਂ ਕਿਹਾ ਕਿ ਪਿੰਡ ਘੜੂੰਆਂ ਜੋ ਹਲਕੇ ਦਾ ਸੱਭ ਤੋਂ ਵੱਡਾ ਪਿੰਡ ਹੈ ਉਸਨੂੰ ਕੈਬਨਿਟ ਮੰਤਰੀ ਤੇ ਮੁੱਖ ਮੰਤਰੀ ਰਹਿੰਦਿਆਂ ਚਰਨਜੀਤ ਸਿੰਘ ਨੇ ਵਿਕਾਸ ਪੱਖੋਂ ਬਿਲਕੁਲ ਅਣਗੌਲਿਆ ਰੱਖਿਆ ਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਘੜੂੰਆਂ ਨੂੰ ਵਿਕਾਸ ਕਾਰਜਾਂ ਲਈ ਜਿੱਥੇ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦਿੱਤੀਆਂ ਉਥੇ ਹੀ ਆਉਣ ਵਾਲੇ ਸਮੇਂ ਵਿੱਚ ਘੜੂੰਆਂ ਨੂੰ ਵਿਕਾਸ ਮੁੱਖੀ ਸ਼ਹਿਰ ਬਣਾਇਆ ਜਾਵੇਗਾ ਤੇ ਘੜੂੰਆਂ ਮੋਹਾਲੀ ਵਰਗੇ ਵੱਡੇ ਸ਼ਹਿਰ ਨੂੰ ਵੀ ਵਿਕਾਸ ਪੱਖੋਂ ਮਾਤ ਪਾਵੇਗਾ, ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਵਿਰੋਧੀਆਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਦਾ ਯਕੀਨ ਨਾ ਕੀਤਾ ਜਾਵੇ। ਇਸ ਮੌਕੇ ਹਰਪ੍ਰੀਤ ਸਿੰਘ ਭੰਡਾਰੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਪਿੰਡ ਘੜੂੰਆਂ ਦਾ ਕਰਵਾਏ ਜਾ ਰਹੇ ਵਿਕਾਸ ਤੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਦੀ ਸਾਦਗੀ ਤੋਂ ਪ੍ਰਭਾਵਿਤ ਹੋ ਕੇ



ਬਿਨਾਂ ਕਿਸੇ ਸ਼ਰਤ ਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਇਸ ਮੌਕੇ ਜਗਤਾਰ ਸਿੰਘ ਘੜੂੰਆਂ, ਆਪ ਦੇ ਸੀਨੀਅਰ ਆਗੂ ਬੀਰਦਵਿੰਦਰ ਸਿੰਘ ਬੱਲਾਂ, ਆੜਤੀ ਐਸੋਸੀਏਸ਼ਨ ਮੋਰਿੰਡਾ ਦੇ ਪ੍ਰਧਾਨ ਜੁਝਾਰ ਸਿੰਘ ਮਾਵੀ , 'ਆਪ' ਦੇ ਸਰਕਲ ਘੜੂੰਆਂ ਦੇ ਪ੍ਰਧਾਨ ਮਨਦੀਪ ਸਿੰਘ, ਜਿਲਾ ਯੂਥ ਮੀਤ ਪ੍ਰਧਾਨ ਗੁਰਿੰਦਰ ਢੀਂਡਸਾ, ਮਨਪ੍ਰੀਤ ਸਿੰਘ ਭੰਡਾਰੀ, ਰੁਲਦਾ ਸਿੰਘ ਭੰਡਾਰੀ, ਸੇਵਕ ਸਿੰਘ, ਹਰਵਿੰਦਰ ਸਿੰਘ, ਪਰਮਿੰਦਰ ਸਿੰਘ, ਰੌਬਿਨ, ਸਤਨਾਮ ਸਿੰਘ ਲਾਲੀ, ਮਾਨਵੀਰ ਸਿੰਘ, ਗੁਰਮੇਲ ਸਿੰਘ ਰੰਗੀ, ਸਰਬਜਿੰਦਰ ਮਾਨ, ਗੁਰਮੀਤ ਸਿੱਧੂ, ਸੁਖਵਿੰਦਰ ਸਿੰਘ, ਗਗਨਪ੍ਰੀਤ ਸਿੰਘ, ਰਣਜੀਤ ਸਿੰਘ ਮਨਿੰਦਰ ਸਿੰਘ, ਇੰਦੂ ਗਿੱਲ, ਜਗਵੀਰ ਸਿੰਘ, ਜਸ਼ਨ ਮਾਮੂਪੁਰ, ਰਛਪਾਲ ਸਿੰਘ, ਜਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਵਰਕਰ ਹਾਜਰ ਸਨ।

# ਦੁਸਾਹਿਰਾ ਕਮੇਟੀ ਖਰੜ ਦੇ ਸਟੋਰ ਦਾ ਚੋਰਾਂ ਨੇ ਤੋੜਿਆ ਤਾਲਾ



ਖਰੜ, ( ਕਾਲਾ ਸਿੰਘ ਸੈਣੀ )- ਪਰਸੂ ਰਾਮ ਭਵਨ ਖਰੜ ਸਥਿਤ ਦੁਸਾਹਿਰਾ ਕਮੇਟੀ ਖਰੜ ਦੇ ਸਟੋਰ ਦਾ ਚੋਰਾਂ ਵਲੋਂ ਜਿੰਦਰਾ ਤੋੜ ਕੇ ਸਮਾਨ ਦੀ ਫਰੋਲਾ ਫਰਾਲੀ ਕੀਤੀ ਗਈ। ਦੁਸਾਹਿਰਾ ਕਮੇਟੀ ਖਰੜ ਦੇ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ ਨੇ ਦਸਿਆ ਕਿ ਪਰਸ ਰਾਮ ਭਵਨ ਵਿਖੇ ਸੋਨੂੰ ਮਾਲੀ ਰਹਿੰਦਾ ਹੈ, ਉਸਨੇ ਵੇਖਿਆ ਦੁਸਾਹਿਰਾ ਕਮੇਟੀ ਖਰੜ ਦਾ ਸਟੋਰ ਹੈ ਜਿਸ ਵਿਚ ਕਮੇਟੀ ਦੀਆ ਝਾਕੀਆਂ ਦਾ ਸਮਾਨ ਰੱਖਿਆ ਹੁੰਦਾ ਹੈ, ਉਸ ਸਟੋਰ ਦਾ ਕਿਸੇ ਨੇ ਤਾਲਾ ਤੋੜ ਕੇ ਸਮਾਨ ਖਿਲਾਰਿਆ ਹੋਇਆ ਹੈ। ਕਮੇਟੀ ਦੇ ਮੈਂਬਰਾਂ ਨੇ ਜਾ ਕੇ ਵੇਖਿਆ ਕਿ ਭਾਵੇ ਸਮਾਨ ਅੰਦਰ ਖਿਲਰਿਆ ਪਿਆ ਸੀ ਪਰ ਕੋਈ ਸਮਾਨ ਚੋਰੀ ਨਹੀਂ ਹੋਇਆ।

# ਖਰੜ ਸ਼ਹਿਰ ਵਿਚ ਆਵਾਜਾਈ ਦੀ ਸਮੱਸਿਆ ਦੇ ਹੱਲ ਲਈ ਤੁਰੰਤ ਕਦਮ ਚੁੱਕੇ ਜਾਣ: ਗੁਰਮੰਦਰ ਸਿੰਘ

ਖਰੜ, ( ਕਾਲਾ ਸਿੰਘ ਸੈਣੀ )- ਖਰੜ ਸ਼ਹਿਰ ਵਿਚ ਵੱਧ ਰਹੇ ਰਹੀ ਆਬਾਦੀ ਕਾਰਨ ਟ੍ਰੈਫਿਕ ਵਿਚ ਹੋਏ ਵਾਧੇ ਨੂੰ ਵੇਖਦੇ ਹੋਏ ਅਤੇ ਇਸਦੇ ਹੱਲ ਲਈ ਐਸ.ਡੀ.ਐਮ.ਖਰੜ ਦੀ ਰਹਿਨੁਮਾਈ ਵਿਚ ਮੀਟਿੰਗ ਹੋਈ। ਐਸ.ਡੀ.ਐਮ.ਖਰੜ ਗੁਰਮੰਦਰ ਸਿੰਘ ਨੇ ਮੀਟਿੰਗ ਵਿਚ ਹਾਜ਼ਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਅਆਂ ਨੂੰ ਆਦੇਸ਼ ਦਿੱਤੇ ਕਿ ਖਰੜ ਸਹਿਰ ਦੀ ਆਵਾਜਾਈ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ ਕਿਉਕਿ ਖਰੜ ਸ਼ਹਿਰ ਦੇ ਵਸਨੀਕ ਚੰਡੀਗੜ ਨੌਕਰੀਆਂ ਅਤੇ ਕੰਮਾਂ ਲਈ ਜਾਂਦੇ ਹਨ ਅਤੇ ਖਰੜ ਸ਼ਹਿਰ ਵਿਚ ਘੱਟੋ ਘੱਟ 15 ਤੋਂ 20 ਟਰੈਫਿਕ ਕਰਮਚਾਰੀ ਹੋਰ ਤਾਇਨਾਤ ਕੀਤੇ ਜ ਾਣ। ਉਨਾਂ ਇਹ ਵੀ ਆਦੇਸ ਦਿੱਤੇ ਕਿ ਸਵੇਰੇ 8 ਤੋਂ ਰਾਤ ਵਜੋ ਤੱਕ ਸਹਿਰ ਵਿਚ ਟਰੱਕਾਂ ਦੀ ਐਟਰੀ ਬੰਦ ਕੀਤੀ ਜਾਵੇ ਅਤੇ ਰੋਪੜ, ਲੁਧਿਆਣਾ ਹਾਈਵੇਅ ਤੋਂ ਆਉਣ ਵਾਲੇ ਟਰੱਕਾਂ ਨੂੰ ਐਟਰੀ ਨਾ ਦਿੱਤੀ ਜਾਵੇ ਇਹ ਟਰੱਕ ਫਲਾਈਓਵਰ ਤੋਂ 200 ਫੁੱਟ ਰੋ ਡਰਾਹੀ ਅੱਗੇ ਜਾਣ ਅਤੇ ਇਸੇ ਤਰਾਂ ਲਾਡਰਾਂ ਤੋਂ ਖਰੜ ਨੂੰ ਆਉਣ ਵਾਲੇ ਟਰੱਕਾਂ ਨੂੰ ਲਾਂਡਰਾਂ ਤੋਂ ਚੂੰਨੀ ਮੋਰਿੰਡਾ ਰਾਹੀ ਭੇਜਿਆ ਜਾਵੇ। ਆਰੀਆਂ ਕਾਲਜ਼ ਰੋਡ ਤੇ ਸਾਮ 5 ਤੋਂ ਰਾਤ 9 ਵਜੇ ਤੱਕ ਚਾਰ ਪਾਹੀਆਂ ਵਾਹਨਾਂ ਦੀ ਐਟਰੀ ਬੰਦ ਕੀਤੀ ਜਾਵੇ ਅਤੇ ਵਾਹਨਾਂ ਦੀ ਐਟਰੀ ਸਬੰਧੀ ਸੜਕਾਂ ਤੇ ਡਿਸਪਲੇਅ ਬੋਰਡ ਲਗਾਏ ਜਾਣ। ਉਨਾਂ ਨਗਰ ਕੌਂਸਲ ਖਰੜ ਦੇ ਈ.ਓ. ਨੂੰ ਆਦੇਸ ਦਿੱਤੇ ਕਿ ਖਾਨਪੁਰ ਪਿੰਡ ਵਿਖੇ ਜੋ ਲੁਧਿਆਣਾ ਹਾਈਵੇਅ ਤੇ ਸਿਵਲ ਹਸਪਤਾਲ ਖਰੜ ਵਾਲੇ ਪਾਸੇ ਰਸਤਾ ਬੰਦ ਹੈ, ਉਹ ਜ਼ਮੀਨ ਨਗਰ ਕੌਂਸਲ ਖਰੜ ਦੀ ਮਲਕੀਅਤ ਹੈ ਅਤੇ ਨੈਸ਼ਨਲ ਹਾਈਵੇਅ ਨਾਲ ਤਾਲਮੇਲ ਕਰਕੇ ਇਸਨੂੰ ਤੁਰੰਤ ਚਾਲੂ ਕਰਵਾਇਆ ਜਾਵੇ। ਖਰੜ-ਕੁਰਾਲੀ ਹਾਈਵੇਅ ਤੇ ਇੱਕਠਾ ਹੋ ਰਿਹਾ ਸੀਰਵੇਜ਼ ਦੇ ਪਾਣੀ ਦਾ



ਜਲਦੀ ਹੱਲ ਅਤੇ ਟਰੈਫਿਕ ਪੁਲਿਸ ਖਰੜ ਵਲੋਂ ਸਹੌੜਾਂ ਬੱਸ ਅੱਡਾ ਤੇ ਪੱਕੇ ਕਰਮਚਾਰੀ ਦੀ ਤਾਇਨਾਤ ਕਰਨ, ਸਿਵਜੋਤ ਇਨਕੇ ਦੇ ਸਾਹਮਣੇ ਫਲਾਈਓਵਰ ਦੇ ਉਪਰ ਚੜਨ ਸਮੇ ਐਟਰੀ ਅਤੇ ਕਲੀਅਰ ਸਾਈਨ ਬੋਰਡ ਲਗਾਏ ਜਾਣ। ਖਰੜ-ਚੰਡੀਗੜ ਹਾਈਵੇਅ ਤੇ ਝੂੰਗੀਆਂ ਰੋਡ ਮੋੜ, ਗਿਲਕੋ, ਮੁੰਡੀ ਖਰੜ ਦੀ ਕਰਾਸਿੰਗ ਆਦਿ ਸਮੇਤ ਹੋਰ ਥਾਵਾਂ ਤੇ ਟਰੈਫਿਕ ਲਾਈਟਾਂ ਲਗਾਉਣ ਲਈ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਆਖਿਆ। ਮੀਟਿੰਗ ਵਿਚ ਨਗਰ ਕੌਂਸਲ ਖਰੜ ਦੇ ਈ. ਓ.ਰਵਨੀਤ ਸਿੰਘ, ਥਾਣਾ ਸਿਟੀ ਖਰੜ ਦੇ ਐਸ.ਐਚ.. ਪੀ.ਐਸ.ਗਰੇਵਾਲ, ਟਰੈਫਿਕ ਇੰਚਾਰਜ ਖਰੜ ਓਮਵੀਰ ਸਿੰਘ, ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆਂ ਦੇ ਡੀ.ਐਮ. ਰਾਕੇਸ਼, ਐਮ.ਆਰ. ਰਾਣਾ, ਆਰ.ਈ. ਐਮ. ਐਸ.ਪਾਰਕ, ਕੌਂਸਲ ਖਰੜ ਦੇ ਇੰਸਪੈਕਟਰ ਦੀਪਕ ਕੁਮਾਰ, ਜੇ.ਈ. ਮਨੋਜ਼ ਕੁਮਾਰ, ਨਿਤਦੇਸ਼ ਸ਼ਰਮਾ ਐਲ.ਐਸ.ਟੀ., ਐਨ.ਐਚ.ਏ.ਆਈ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022-2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565